@Qpatrika @qaumipatrika punjabi instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Sunday, 29 September 2024

VISIT: www.qaumipatrika.org Email: qpatrika@gmail.com

ਨਵੀਂ ਦਿੱਲੀ: ਐਤਵਾਰ 29 ਸਤੰਬਰ 2024, 14 ਅੱਸੂ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 324, qpatrika@gmail.com ਫੋਨ : 9971359517 www.qaumipatrika.org

## ਬੱਸ 'ਤੇ ਹੋਏ ਅੱਤਵਾਦੀ ਹਮਲੇ ਨਾਲ ਜੁੜੇ ਮਾਮਲੇ 'ਚ ਐੱਨ.ਆਈ.ਏ. ਨੇ 7 ਥਾਵਾਂ 'ਤੇ ਕੀਤੀ ਛਾਪੇਮਾਰੀ

ਨਵੀਂ ਦਿੱਲੀ/ਜੰਮੂ 28 ਸਤੰਬਰ। ਰਾਸਟਰੀ ਜਾਂਚ ਏਜੰਸੀ (ਐੱਨ.ਆਈ.ਏ.) ਨੇ ਜੂਨ ਵਿਚ ਸ਼ਿਵ ਖੋੜੀ ਮੰਦਰ ਤੋਂ ਪਰਤ ਰਹੇ ਸਰਧਾਲੂਆਂ ਦੀ ਬੱਸ 'ਤੇ ਹੋਏ ਘਾਤਕ ਅੱਤਵਾਦੀ ਹਮਲੇ ਦੀ ਜਾਂਚ ਦੇ ਹਿੱਸੇ ਵਜੋਂ ਸੁੱਕਰਵਾਰ ਨੂੰ ਰਾਜੌਰੀ ਅਤੇ ਰਿਆਸੀ ਜ਼ਿਲ੍ਹਿਆਂ ਵਿਚ ਕਈ ਥਾਵਾਂ 'ਤੇ ਛਾਪੇਮਾਰੀ ਕੀਤੀ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਦੇ ਅਧਿਕਾਰੀ ਜੰਮੂ-ਕਸਮੀਰ 'ਚ 7 ਥਾਵਾਂ 'ਤੇ ਛਾਪੇਮਾਰੀ ਕੀਤੀ। 9 ਜੂਨ ਨੂੰ ਸਰਧਾਲੂਆਂ ਨੂੰ ਲੈ ਕੇ ਜਾ ਰਹੀ ਬੱਸ 'ਤੇ ਅੱਤਵਾਦੀਆਂ ਵੱਲੋਂ ਗੋਲੀਬਾਰੀ ਕਰਨ ਨਾਲ ਜੰਮੂ-ਕਸਮੀਰ ਤੋਂ ਬਾਹਰੋਂ ਆਏ 7 ਸਰਧਾਲੂਆਂ ਸਮੇਤ 9 ਲੋਕਾਂ ਦੀ ਮੌਤ ਹੋ ਗਈ ਸੀ ਅਤੇ 41 ਹੋਰ ਜਖਮੀ ਹੋ ਗਏ ਸਨ। ਅੰਨ੍ਹੇਵਾਹ ਗੋਲੀਬਾਰੀ ਕਾਰਨ ਸ਼ਿਵ ਖੋੜੀ ਮੰਦਰ ਤੋਂ ਕਟੜਾ ਜਾ ਰਹੀ ਬੱਸ ਰਿਆਸੀ ਦੇ ਪੌਣੀ ਇਲਾਕੇ ਦੇ ਪਿੰਡ ਤੇਰਾਇਥ ਨੇੜੇ ਸੜਕ ਤੋਂ ਤਿਲਕ ਕੇ ਡੂੰਘੀ ਖੱਡ 'ਚ ਜਾ ਡਿੱਗੀ। ਇਸ ਹਮਲੇ 'ਚ ਮਾਰੇ ਗਏ ਲੋਕਾਂ 'ਚ ਰਾਜਸਥਾਨ ਤੋਂ 2 ਬੱਚਿਆਂ ਸਮੇਤ 9 ਲੋਕਾਂ ਦੀ ਮੌਤ ਹੋ ਗਈ ਸੀ। ਗ੍ਰਹਿ ਮੰਤਰੀ ਨੇ 17 ਜੂਨ ਨੂੰ ਇਸ ਅੱਤਵਾਦੀ ਹਮਲੇ ਦੀ ਜਾਂਚ ਦੀ ਜ਼ਿੰਮੇਵਾਰੀ ਐੱਨ.ਆਈ.ਏ.




ਨੂੰ ਸੌਂਪੀ ਸੀ। ਇਸ ਮਾਮਲੇ 'ਚ ਹੁਣ ਤੱਕ ਰਾਜੌਰੀ ਦੇ ਇਕ ਵਿਅਕਤੀ ਹਾਕਮ ਖਾਨ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਿਸ ਨੇ ਕਥਿਤ ਤੌਰ 'ਤੇ ਅੱਤਵਾਦੀਆਂ ਨੂੰ ਭੋਜਨ, ਪਨਾਹ ਅਤੇ ਰਸਦ ਮੁਹੱਈਆ ਕਰਵਾਈ ਸੀ ਅਤੇ ਹਮਲੇ ਤੋਂ ਪਹਿਲਾਂ ਇਲਾਕੇ ਦਾ ਜਾਇਜਾ ਲੈਣ 'ਚ ਉਨ੍ਹਾਂ ਦੀ ਮਦਦ ਕੀਤੀ ਸੀ। ਅਧਿਕਾਰੀਆਂ ਨੇ ਦੱਸਿਆ ਕਿ ਸ਼ਿਵ ਖੋੜੀ ਅੱਤਵਾਦੀ ਹਮਲੇ ਦੇ ਸਬੰਧ 'ਚ ਐੱਨ.ਆਈ.ਏ. ਦੀਆਂ ਕਈ ਟੀਮਾਂ ਸੁੱਕਰਵਾਰ ਸਵੇਰ ਤੋਂ ਰਾਜੌਰੀ ਅਤੇ ਰਿਆਸੀ ਜ਼ਿਲ੍ਹਿਆਂ 'ਚ ਛਾਪੇਮਾਰੀ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਕਾਰਵਾਈ ਚੱਲ ਰਹੀ ਹੈ ਅਤੇ ਵਿਸਥਾਰਤ ਜਾਣਕਾਰੀ ਦੀ ਉਡੀਕ ਹੈ। ਐੱਨ.ਆਈ.ਏ. ਨੇ 30 ਜੂਨ ਨੂੰ ਰਾਜੌਰੀ 'ਚ 'ਹਾਈਬ੍ਰਿਡ' ਅੱਤਵਾਦੀਆਂ ਅਤੇ ਉਨ੍ਹਾਂ ਦੇ 'ਓਵਰਗਰਾਊਂਡ ਵਰਕਰਾਂ' ਨਾਲ ਜੁੜੇ 5 ਟਿਕਾਣਿਆਂ 'ਤੇ ਵੀ ਛਾਪੇਮਾਰੀ ਕੀਤੀ ਸੀ। 'ਹਾਈਬ੍ਰਿਡ' ਅੱਤਵਾਦੀਆਂ ਦਾ ਪਤਾ ਲਗਾਉਣਾ ਮੁਸਕਲ ਹੁੰਦਾ ਹੈ ਕਿਉਂਕਿ ਉਹ ਆਮ ਲੋਕਾਂ ਵਿਚ ਆਮ ਜ਼ਿੰਦਗੀ ਜੀਉਂਦੇ ਹਨ ਅਤੇ ਉਨ੍ਹਾਂ ਦਾ ਕੋਈ ਅਪਰਾਧਿਕ ਰਿਕਾਰਡ ਨਹੀਂ ਹੁੰਦਾ ਹੈ, ਜਦੋਂ ਕਿ 'ਓਵਰ ਗਰਾਊਂਡ ਵਰਕਰ' ਉਹ ਵਿਅਕਤੀ ਹੁੰਦੇ ਹਨ ਜੋ ਅੱਤਵਾਦੀ ਸੰਗਠਨਾਂ ਲਈ ਗੁਪਤ ਤੌਰ 'ਤੇ ਕੰਮ ਕਰਦੇ ਹਨ।

## ਸੂਬੇ ਦੀ ਅਰਥਵਿਵਸਥਾ ਨੂੰ ਪੰਜ ਸਾਲਾਂ 'ਚ ਦੁੱਗਣਾ ਕਰਨ ਦਾ ਟੀਚਾ : ਮੋਹਨ ਯਾਦਵ

ਭੋਪਾਲ 28 ਸਤੰਬਰ। ਮੱਧ ਪ੍ਰਦੇਸ ਦੇ ਮੁੱਖ ਮੰਤਰੀ ਡਾ: ਮੋਹਨ ਯਾਦਵ ਨੇ ਕਿਹਾ ਹੈ ਕਿ ਆਉਣ ਵਾਲੇ ਪੰਜ ਸਾਲਾਂ ਵਿੱਚ ਸੂਬੇ ਦੀ ਆਰਥਿਕਤਾ ਨੂੰ ਦੁੱਗਣਾ ਕਰਨ ਦਾ ਟੀਚਾ ਹੈ, ਜਿਸ ਨੂੰ ਅਸੀਂ ਤਿੰਨ ਸਾਲਾਂ ਵਿੱਚ ਪੂਰਾ ਕਰਨ ਦੀ ਕੋਸ਼ਿਸ ਕਰਾਂਗੇ। ਡਾ: ਯਾਦਵ ਨੇ ਵੀਡੀਓ ਸੰਦੇਸ ਰਾਹੀਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ



ਵੱਲੋਂ ਦੱਸੇ ਗਏ ਵੱਖ-ਵੱਖ ਨੁਕਤਿਆਂ 'ਤੇ ਧਿਆਨ ਕੇਂਦਰਿਤ ਕਰਕੇ ਸੂਬਾ ਸਰਕਾਰ ਉਨ੍ਹਾਂ ਨੂੰ ਪੂਰਾ ਕਰਨ ਲਈ ਯਤਨਸੀਲ ਹੈ। ਖਾਸ ਕਰਕੇ ਮੱਧ ਪ੍ਰਦੇਸ ਵਿੱਚ ਨੌਜਵਾਨਾਂ ਲਈ ਰੁਜਗਾਰ ਦੇ ਮੌਕੇ ਲੱਭਣ ਉੱਤੇ ਜੋਰ ਦਿੱਤਾ ਜਾ ਰਿਹਾ ਹੈ। ਗਰੀਬਾਂ, ਔਰਤਾਂ, ਕਿਸਾਨਾਂ ਅਤੇ ਨੌਜਵਾਨਾਂ ਦੇ ਹਿੱਤ ਵਿੱਚ ਹਰ ਤਰ੍ਹਾਂ ਦੇ ਉਦਯੋਗਾਂ ਦੀ ਸਥਾਪਨਾ ਅਤੇ ਰੁਜਗਾਰ ਮੁਹੱਈਆ ਕਰਵਾਉਣ ਲਈ ਯਤਨ ਕੀਤੇ ਜਾ ਰਹੇ ਹਨ। ਸੂਬਾ ਸਰਕਾਰ ਲੋਕਾਂ ਨੂੰ ਉਨ੍ਹਾਂ ਦੀ ਸਮਰੱਥਾ ਅਨੁਸਾਰ ਰੁਜਗਾਰ ਦੇਣ ਲਈ ਵਚਨਬੱਧ ਹੈ। ਰਾਜ ਵਿੱਚ ਵਪਾਰ ਅਤੇ ਕਾਰੋਬਾਰ ਲਈ ਅਨੁਕੂਲ ਮੌਕੇ ਪ੍ਰਦਾਨ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਆਉਣ ਵਾਲੇ ਪੰਜ ਸਾਲਾਂ ਵਿੱਚ ਸੂਬੇ ਦੀ ਅਰਥਵਿਵਸਥਾ ਨੂੰ ਦੁੱਗਣਾ ਕਰਨ ਦਾ ਟੀਚਾ ਹੈ, ਜਿਸ ਨੂੰ ਅਸੀਂ ਤਿੰਨ ਸਾਲਾਂ ਵਿੱਚ ਪੂਰਾ ਕਰਨ ਦੀ ਕੋਸ਼ਿਸ ਕਰਾਂਗੇ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੀ ਅਰਥਵਿਵਸਥਾ ਨੂੰ ਮਜਬੂਤ ਕਰਨ ਲਈ ਟੈਕਸ ਅਤੇ ਜੀ.ਐੱਸ.ਟੀ ਦੀ ਉਗਰਾਹੀ ਨੂੰ ਵਧਾਉਣ ਦਾ ਕੰਮ ਕੀਤਾ ਜਾ ਰਿਹਾ ਹੈ। ਵਿਕਾਸ ਦੇ ਨਵੇਂ ਪਹਿਲੂ ਸਥਾਪਤ ਕਰਨ ਲਈ ਦੇਸ ਦੇ ਮਹਾਨਗਰਾਂ ਵਿੱਚ ਖੇਤਰੀ ਸੰਮੇਲਨ ਅਤੇ ਰੋਡ-ਸੋਅ ਲਗਾਤਾਰ ਸਾਰੇ ਡਵੀਜਨਾਂ ਵਿੱਚ ਆਯੋਜਿਤ ਕੀਤੇ ਜਾ ਰਹੇ ਹਨ। ਇਨ੍ਹਾਂ ਦਾ ਅਸਰ ਸੂਬੇ 'ਚ ਵੱਡੇ ਪੱਧਰ 'ਤੇ ਦਿਖਾਈ ਦੇ ਰਿਹਾ ਹੈ। ਹੁਣ ਤੱਕ 2 ਲੱਖ ਕਰੋੜ ਰੁਪਏ ਤੋਂ ਵੱਧ ਦੇ ਨਿਵੇਸ ਪ੍ਰਸਤਾਵ ਆ ਚੁੱਕੇ ਹਨ।

# ਕਾਂਗਰਸ ਸਭ ਤੋਂ ਬੇਈਮਾਨ ਤੇ ਧੋਖੇਬਾਜ ਪਾਰਟੀ ਹੈ : ਪ੍ਰਧਾਨ ਮੰਤਰੀ ਨਰਿੰਦਰ ਮੋਦੀ

**ਸਿੰਮੀ ਕੌਰ ਬੱਬਰ**

ਹਿਸਾਰ 28 ਸਤੰਬਰ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਰਿਆਣਾ 'ਚ ਇਕ ਚੋਣ ਰੈਲੀ ਨੂੰ ਸੰਬੋਧਨ ਕਰਦੇ ਹੋਏ ਕਾਂਗਰਸ ਪਾਰਟੀ 'ਤੇ ਤਿੱਖਾ ਹਮਲਾ ਬੋਲਿਆ ਅਤੇ ਉਸ 'ਤੇ ਜਨਤਾ ਦੇ ਮੁੱਦਿਆਂ ਤੋਂ ਉੱਪਰ ਆਪਣੇ ਚੋਣ ਹਿੱਤਾਂ ਨੂੰ ਪਹਿਲ ਦੇਣ ਦਾ ਦੋਸ਼ ਲਗਾਇਆ। ਹਰਿਆਣਾ 'ਚ ਆਪਣੀ ਤੀਜੀ ਚੋਣ ਸਭਾ ਨੂੰ ਸੰਬੋਧਨ ਕਰਦੇ ਹੋਏ ਪੀ.ਐੱਮ. ਮੋਦੀ ਨੇ ਕਾਂਗਰਸ ਪਾਰਟੀ ਨੂੰ ਸਭ ਤੋਂ ਬੇਈਮਾਨ ਅਤੇ ਧੋਖੇਬਾਜ ਪਾਰਟੀ ਦੱਸਿਆ। ਉਨ੍ਹਾਂ ਨੇ ਆਪਣੇ ਦੋਸ਼ਾਂ ਨੂੰ ਪੁਖਤਾ ਕਰਨ ਲਈ ਪਿਛਲੀਆਂ ਕੁਝ ਚੋਣਾਂ 'ਚ ਕਾਂਗਰਸ ਪਾਰਟੀ ਵਲੋਂ ਫੈਲਾਏ ਗਏ ਝੂਠ ਬਾਰੇ ਦੱਸਿਆ ਅਤੇ ਦਾਅਵਾ ਕੀਤਾ ਕਿ ਪਾਰਟੀ ਲੋਕਾਂ ਦਾ ਸਮਰਥਨ ਜਿੱਤਣ ਲਈ ਕਿਸੇ ਵੀ ਪੱਧਰ ਤੱਕ ਡਿੱਗ ਸਕਦੀ ਹੈ ਅਤੇ ਫਿਰ ਉਨ੍ਹਾਂ ਨੂੰ ਅਸਵੀਕਾਰ ਕਰਨ 'ਚ ਦੇਰ ਨਹੀਂ ਲਗਾਉਂਦੀ। ਹਿਮਾਚਲ 'ਚ ਸੁਖਵਿੰਦਰ ਸੁੱਖੂ ਸਰਕਾਰ ਦਾ ਜ਼ਿਕਰ ਕਰਦੇ ਹੋਏ ਪੀ.ਐੱਮ. ਮੋਦੀ ਨੇ ਕਿਹਾ ਕਿ ਕਾਂਗਰਸ ਨੇ



ਚੋਣ ਪ੍ਰਚਾਰ ਦੌਰਾਨ ਲੋਕਾਂ ਨਾਲ ਵੱਡੇ-ਵੱਡੇ ਵਾਅਦੇ ਕੀਤੇ ਪਰ ਜਦੋਂ ਸੱਤਾ 'ਚ ਆਈ ਤਾਂ ਸਾਰੇ ਵਾਅਦਿਆਂ ਨੂੰ ਪਿੱਛੇ ਛੱਡ ਦਿੱਤਾ। ਸੱਤਾ 'ਚ ਆਉਣ ਤੋਂ ਬਾਅਦ ਇਸ ਨੇ ਰਾਜ ਦੇ ਲੋਕਾਂ ਨੂੰ ਧੋਖਾ ਦਿੱਤਾ ਹੈ। ਇਸ ਨੇ ਕੋਈ ਵੀ ਚੋਣ ਵਾਅਦਾ ਪੂਰਾ ਨਹੀਂ ਕੀਤਾ ਹੈ। ਪ੍ਰਧਾਨ ਮੰਤਰੀ ਨੇ ਸੰਬੋਧਨ ਦੌਰਾਨ ਕਿਹਾ,"ਅੱਜ ਕਰਜ 'ਚ ਡੁੱਬੀ ਹਿਮਾਚਲ ਸਰਕਾਰ ਨੂੰ ਰਕਮਚਾਰੀਆਂ ਦੀ ਤਨਖਾਹ ਅਤੇ ਡੀ.ਏ. ਵੀ ਦੇਣਾ ਮੁਸ਼ਕਲ ਹੋ ਰਿਹਾ ਹੈ।" ਹਰਿਆਣਾ ਕਾਂਗਰਸ ਇਕਾਈ 'ਚ ਚੱਲ ਰਹੇ ਅੰਦਰੂਨੀ ਕਲੇਸ਼ 'ਤੇ ਤੰਜ ਕੱਸਦੇ ਹੋਏ ਉਨ੍ਹਾਂ ਕਿਹਾ ਕਿ ਪਾਰਟੀ ਦੇ ਅੰਦਰ ਜਨਤਾ ਦੀ ਚਿੰਤਾ ਕਰਨ ਦੀ ਬਜਾਏ ਪ੍ਰਭੂਤੱਵ ਹਾਸਲ ਕਰਨ ਦੀ ਲੜਾਈ ਲੜ ਰਹੀ ਹੈ। ਉਨ੍ਹਾਂ ਕਿਹਾ,"ਜਿੱਥੇ ਵੀ ਕਾਂਗਰਸ ਹੈ, ਇੱਥੇ ਸਥਿਰਤਾ ਨਹੀਂ ਹੈ। ਜੋ ਪਾਰਟੀ ਆਪਣੇ ਲੋਕਾਂ ਨੂੰ ਇਕੱਠੇ ਨਹੀਂ ਰੱਖ ਸਕਦੀ, ਉਹ ਰਾਜ ਨੂੰ ਕਿਵੇਂ ਇਕੱਠੇ ਰੱਖ ਸਕਦੀ ਹੈ।" ਪ੍ਰਧਾਨ ਮੰਤਰੀ ਨੇ ਭਾਜਪਾ ਸਰਕਾਰ ਦੇ ਅਧੀਨ 'ਬਿਨਾਂ ਰੁਕੇ ਹਰਿਆਣਾ' ਦੀ ਵੀ ਵਕਾਲਤ ਕੀਤੀ ਅਤੇ ਲੋਕਾਂ ਤੋਂ ਭਾਜਪਾ ਨੂੰ ਜਨਾਦੇਸ਼ ਦੇਣ ਦੀ ਅਪੀਲ ਕੀਤੀ।

## ਆਰ.ਜੀ ਕਰ ਹਸਪਤਾਲ ਦੇ ਮੈਡੀਕਲ ਵੇਸਟ ਦਾ ਨਿਪਟਾਰਾ ਕਰਨ ਵਾਲੀ ਕੰਪਨੀ ਕੋਲ 'ਟਰੀਟਮੈਂਟ ਪਲਾਂਟ' ਨਹੀਂ

ਕੋਲਕਾਤਾ 28 ਸਤੰਬਰ। ਆਰ.ਜੀ ਕਰ ਮੈਡੀਕਲ ਕਾਲਜ ਅਤੇ ਹਸਪਤਾਲ ਵਿੱਚ ਕਥਿਤ ਵਿੱਤੀ ਬੇਨਿਯਮੀਆਂ ਦੀ ਸੀ.ਬੀ.ਆਈ. ਜਾਂਚ ਵਿੱਚ ਖੁਲਾਸਾ ਹੋਇਆ ਹੈ ਕਿ ਹਸਪਤਾਲ ਅਤੇ ਕਈ ਹੋਰ ਸਰਕਾਰੀ ਮੈਡੀਕਲ ਅਦਾਰਿਆਂ ਤੋਂ ਮੈਡੀਕਲ ਰਹਿੰਦ-ਖੂੰਹਦ ਦਾ ਨਿਪਟਾਰਾ ਕਰਨ ਵਾਲੀ ਕੰਪਨੀ ਕੋਲ ਇੱਕ ਵੀ ਟਰੀਟਮੈਂਟ ਪਲਾਂਟ ਨਹੀਂ ਹੈ। ਸੀ.ਬੀ.ਆਈ. ਦੇ ਇਕ ਅਧਿਕਾਰੀ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿੱਤੀ। ਇਸ ਕੰਪਨੀ ਨੂੰ ਇਹ ਠੇਕਾ 2019 ਵਿੱਚ ਮਿਲਿਆ ਸੀ। ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਦੇ ਅਧਿਕਾਰੀ ਨੇ ਕਿਹਾ ਕਿ ਨਿਯਮਾਂ ਦੀ ਉਲੰਘਣਾ ਕਰਕੇ ਪੱਛਮੀ ਬੰਗਾਲ ਸਰਕਾਰ ਨੇ 2023 ਵਿੱਚ ਇਕਰਾਰਨਾਮੇ ਨੂੰ ਖਤਮ ਕਰ ਦਿੱਤਾ ਸੀ। ਹਾਲਾਂਕਿ, ਇਸ ਤੋਂ ਪਹਿਲਾਂ ਵੀ ਕੰਪਨੀ ਨੇ ਕੋਲਕਾਤਾ ਵਿੱਚ ਆਪਣੇ ਇੱਕ ਨਿਵੇਸਕ ਅਤੇ ਇੱਕ ਕਾਰੋਬਾਰੀ ਪਰਿਵਾਰ ਦੇ ਅਹਾਤੇ ਤੋਂ ਸੰਚਾਲਨ ਸੁਰੂ ਕੀਤਾ ਸੀ। ਰਾਜ ਸਰਕਾਰ ਦੇ ਇੱਕ ਸੂਤਰ ਨੇ ਦੱਸਿਆ ਕਿ ਕੰਪਨੀ ਨੇ ਬਾਅਦ ਵਿੱਚ ਦਿੱਲੀ ਸਥਿਤ ਇੱਕ ਕੰਪਨੀ ਨਾਲ ਸਮਝੌਤਾ ਕੀਤਾ ਜੋ ਉੱਤਰ ਪ੍ਰਦੇਸ ਵਿੱਚ ਇੱਕ ਟਰੀਟਮੈਂਟ ਪਲਾਂਟ ਚਲਾਉਂਦੀ ਹੈ ਅਤੇ ਫਿਰ ਠੇਕਾ ਹਾਸਲ ਕਰ ਲਿਆ। ਹਸਪਤਾਲ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਕੰਪਨੀ ਨੂੰ ਹਰ ਰੋਜ 500-600 ਕਿਲੋਗ੍ਰਾਮ ਵਰਤੀਆਂ ਗਈਆਂ ਸਰਿੰਜਾਂ, ਰਬੜ ਦੇ ਦਸਤਾਨੇ, ਹੈਂਡ ਦਸਤਾਨੇ ਅਤੇ ਖਾਰੇ ਦੀਆਂ ਬੋਤਲਾਂ ਨੂੰ ਨਿਪਟਾਰੇ ਲਈ ਭੇਜਿਆ ਜਾਂਦਾ ਹੈ। ਇੱਕ ਸਾਬਕਾ ਨੌਕਰਸਾਹ ਦੇ ਅਨੁਸਾਰ, ਕੰਪਨੀ ਨੂੰ ਨਿਯਮਾਂ ਅਨੁਸਾਰ ਠੇਕਾ ਦਿੱਤਾ ਗਿਆ ਸੀ ਅਤੇ ਦਾਅਵਾ ਕੀਤਾ ਗਿਆ ਸੀ ਕਿ ਉਹ ਵਾਤਾਵਰਣ ਵਿਭਾਗ ਤੋਂ ਮਨਜੂਰੀ ਮਿਲਣ ਦੇ ਚਾਰ ਮਹੀਨਿਆਂ ਦੇ ਅੰਦਰ ਲੋੜੀਂਦਾ ਬੁਨਿਆਦੀ ਢਾਂਚਾ ਸਥਾਪਤ ਕਰੇਗੀ।

## ਬਦਲਾਪੁਰ ਮਾਮਲਾ: ਦੋਸ਼ੀ ਦੇ ਪਿਤਾ ਨੇ ਖੜਕਾਇਆ ਅਦਾਲਤ ਦਾ ਦਰਵਾਜਾ

ਮੁੰਬਈ 28 ਸਤੰਬਰ। ਬਦਲਾਪੁਰ ਜਿਨਸੀ ਸ਼ੋਸ਼ਣ ਮਾਮਲੇ ਦੇ ਦੋਸ਼ੀ ਦੇ ਪਿਤਾ ਨੇ ਆਪਣੇ ਪੁੱਤਰ ਲਈ ਦਫਨਾਉਣ ਦੀ ਥਾਂ ਦੀ ਮੰਗ ਕਰਦਿਆਂ ਬੰਬੇ ਹਾਈ ਕੋਰਟ ਦਾ ਦਰਵਾਜਾ ਖੜਕਾਇਆ। ਦੋਸ਼ੀ ਇਸ ਹਫਤੇ ਦੀ ਸ਼ੁਰੂਆਤ ਵਿਚ ਪੁਲਸ ਗੋਲੀਬਾਰੀ 'ਚ ਮਾਰਿਆ ਗਿਆ ਸੀ। ਪਿਤਾ ਦੇ ਵਕੀਲ ਨੇ ਜਸਟਿਸ ਰੇਵਤੀ ਮੋਹਿਤੇ ਡੇਰੇ ਅਤੇ ਜਸਟਿਸ ਐੱਮ. ਐੱਮ. ਸਥਾਏ ਦੀ ਡਿਵੀਜਨ ਬੈਂਚ ਦੇ ਸਾਹਮਣੇ ਅਰਜੀ ਦਾ ਜ਼ਿਕਰ ਕਰਦਿਆਂ ਇਸ 'ਤੇ ਤੁਰੰਤ ਦਖਲ ਦੀ ਮੰਗ ਕੀਤੀ। ਅਦਾਲਤ ਨੇ ਕਿਹਾ ਕਿ ਉਹ ਦੁਪਹਿਰ ਨੂੰ ਪਟੀਸਨ 'ਤੇ ਸੁਣਵਾਈ ਕਰੇਗੀ। ਪਿਤਾ ਨੇ ਅਦਾਲਤ ਨੂੰ ਬੇਨਤੀ ਕੀਤੀ ਕਿ ਉਹ ਆਪਣੇ ਪੁੱਤਰ ਨੂੰ ਦਫਨਾਉਣ ਲਈ ਸਥਾਨ ਦਾ ਪ੍ਰਬੰਧ ਕਰਨ ਲਈ ਸਥਾਨਕ ਨਗਰ ਨਿਗਮ ਨੂੰ ਨਿਰਦੇਸ ਦੇਣ। ਪਿਛਲੇ ਮਹੀਨੇ, 24 ਸਾਲਾ ਸ਼ਿੰਦੇ ਨੂੰ ਠਾਣੇ ਜ਼ਿਲ੍ਹੇ ਦੇ ਬਦਲਾਪੁਰ ਸਹਿਰ ਦੇ ਇਕ ਸਕੂਲ ਵਿਚ ਦੋ ਕੁੜੀਆਂ ਦਾ ਜਿਨਸੀ ਸੋਸਣ ਕਰਨ ਦੇ ਦੋਸ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਇਸ ਹਫਤੇ ਦੇ ਸੂਰੂ ਵਿਚ ਉਸ ਨੂੰ ਉਸ ਦੀ ਦੂਜੀ ਪਤਨੀ ਦੀ ਸ਼ਿਕਾਇਤ 'ਤੇ ਉਸ ਵਿਰੁੱਧ ਦਰਜ ਕੀਤੇ ਗਏ ਕੇਸ ਦੇ ਸਬੰਧ ਵਿਚ ਤਲੋਜਾ ਜੇਲ ਤੋਂ ਬਦਲਾਪੁਰ ਲਿਜਾਇਆ ਜਾ ਰਿਹਾ ਸੀ, ਜਦੋਂ ਕਥਿਤ ਗੋਲੀਬਾਰੀ ਹੋਈ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਇਹ ਘਟਨਾ ਸੋਮਵਾਰ ਸਾਮ ਨੂੰ ਠਾਣੇ ਦੇ ਮੁੰਬਰਾ ਬਾਈਪਾਸ ਨੇੜੇ ਵਾਪਰੀ ਜਦੋਂ ਅਕਸ਼ੈ ਸ਼ਿੰਦੇ ਨੇ ਇਕ ਪੁਲਸ ਮੁਲਾਜਮ ਦੀ ਬੰਦੂਕ ਖੋਹ ਲਈ। ਪੁਲਸ ਦੀ ਜਵਾਬੀ ਗੋਲੀਬਾਰੀ ਵਿਚ ਉਹ ਮਾਰਿਆ ਗਿਆ, ਕਿਉਂਕਿ ਉਸ ਦੇ ਸਿਰ 'ਤੇ ਗੋਲੀ ਮਾਰੀ ਗਈ ਸੀ। ਪਰਿਵਾਰ ਨੇ ਸ਼ਿੰਦੇ ਦੇ ਸਸਕਾਰ ਕਰਨ ਦੀ ਬਜਾਏ ਦਫਨਾਉਣ ਦੀ ਇੱਛਾ ਪ੍ਰਗਟਾਈ ਸੀ। ਸ਼ਿੰਦੇ ਦੀ ਲਾਸ ਨੂੰ ਠਾਣੇ ਦੇ ਕਾਲਵਾ ਇਲਾਕੇ ਦੇ ਸਿਵਲ ਹਸਪਤਾਲ ਦੇ ਮੁਰਦਾਘਰ 'ਚ ਰੱਖਿਆ ਗਿਆ ਹੈ। ਸ਼ਿੰਦੇ ਦੇ ਪਰਿਵਾਰ ਅਨੁਸਾਰ ਉਸ ਲਈ ਦਫਨਾਉਣ ਵਾਲੀ ਜਗ੍ਹਾ ਲੱਭਣਾ ਚੁਣੌਤੀਪੂਰਨ ਸਾਬਤ ਹੋ ਰਿਹਾ ਹੈ ਕਿਉਂਕਿ ਸਥਾਨਕ ਨਿਵਾਸੀਆਂ ਅਤੇ ਸੰਗਠਨਾਂ ਨੇ ਵਿਰੋਧ ਜਤਾਇਆ ਹੈ।

# 'ਸਭ ਕੁਝ ਹਵਾ 'ਚ ਹੈ', ਦਿੱਲੀ 'ਚ ਹਵਾ ਪ੍ਰਦੂਸ਼ਣ 'ਤੇ ਭੜਕਿਆ ਸੁਪਰੀਮ ਕੋਰਟ

**ਏਜੰਸੀਆਂ**

ਨੈਸ਼ਨਲ ਡੈਸਕ 28 ਸਤੰਬਰ। ਸੁਪਰੀਮ ਕੋਰਟ ਨੇ ਹਵਾ ਪ੍ਰਦੂਸਣ ਨੂੰ ਕੰਟਰੋਲ ਕਰਨ ਅਤੇ ਫਸਲਾਂ ਦੀ ਰਹਿੰਦ-ਖੂੰਹਦ (ਪਰਾਲੀ) ਨੂੰ ਸਾੜਨ ਤੋਂ ਰੋਕਣ ਵਿੱਚ ਨਾਕਾਮ ਰਹਿਣ ਲਈ ਏਅਰ ਕੁਆਲਿਟੀ ਮੈਨੇਜਮੈਂਟ ਕਮਿਸਨ ਨੂੰ ਝਾੜ ਪਾਈ। ਜਸਟਿਸ ਏ. ਐੱਸ. ਓਕਾ ਅਤੇ ਆਗਸਟੀਨ ਜਾਰਜ ਮਸੀਹ ਦੀ ਬੈਂਚ ਨੇ ਕਿਹਾ ਕਿ ਏਅਰ ਕੁਆਲਿਟੀ ਕਮੇਟੀ ਨੂੰ ਵਧੇਰੇ ਸਰਗਰਮੀ ਨਾਲ ਕੰਮ ਕਰਨ ਦੀ ਲੋੜ ਹੈ। ਅਦਾਲਤ ਨੇ ਕਿਹਾ ਕਿ ਕਮਿਸਨ ਨੂੰ ਇਹ ਯਕੀਨੀ ਬਣਾਉਣ ਦੀ ਕੋਸ਼ਿਸ ਕਰਨੀ ਚਾਹੀਦੀ ਹੈ ਕਿ ਜਮੀਨੀ ਪੱਧਰ 'ਤੇ ਪਰਾਲੀ ਸਾੜਨ ਲਈ ਬਦਲਵੇਂ ਉਪਕਰਨਾਂ ਦੀ ਵਰਤੋਂ ਕੀਤੀ ਜਾਵੇ। ਸੁਪਰੀਮ ਕੋਰਟ ਨੇ ਕਮਿਸਨ ਨੂੰ ਪ੍ਰਦੂਸਣ ਨੂੰ ਕੰਟਰੋਲ ਕਰਨ ਅਤੇ ਪਰਾਲੀ ਸਾੜਨ ਤੋਂ ਰੋਕਣ ਲਈ ਚੁੱਕੇ ਗਏ ਕਦਮਾਂ ਬਾਰੇ ਬਿਹਤਰ ਅਨੁਪਾਲਨ ਰਿਪੋਰਟ ਦਾਇਰ ਕਰਨ ਦੇ ਵੀ ਨਿਰਦੇਸ ਦਿੱਤੇ ਹਨ। ਮਾਮਲੇ ਵਿੱਚ ਕੇਂਦਰ ਸਰਕਾਰ ਵੱਲੋਂ ਪੇਸ ਹੋਏ ਵਧੀਕ ਸਾਲਿਸਟਰ ਜਨਰਲ (ਏ.ਐੱਸ.ਜੀ.) ਐਸ਼ਵਰਿਆ ਭਾਟੀ ਨੇ ਇੱਕ ਹਲਫਨਾਮਾ ਪੜ੍ਹਦਿਆਂ ਕਿਹਾ ਕਿ ਇਸ ਸਮੱਸਿਆ ਦੇ ਪ੍ਰਬੰਧਨ ਲਈ ਸਲਾਹ ਅਤੇ ਦਿਸਾ-ਨਿਰਦੇਸ ਜਾਰੀ ਕਰਨ ਵਰਗੇ ਕਈ ਕਦਮ ਚੁੱਕੇ ਗਏ ਹਨ ਪਰ ਅਦਾਲਤ ਇਨ੍ਹਾਂ ਤੋਂ ਸੰਤੁਸਟ ਨਹੀਂ ਸੀ। ਬਾਰ ਅਤੇ ਬੈਂਚ ਦੀ ਰਿਪੋਰਟ ਮੁਤਾਬਕ ਜਸਟਿਸ ਓਕਾ ਨੇ ਕਿਹਾ ਕਿ ਸਭ ਕੁਝ ਹਵਾ ਵਿੱਚ ਹੈ। ਐੱਨ.ਸੀ.ਆਰ. (ਰਾਸਟਰੀ ਰਾਜਧਾਨੀ ਖੇਤਰ) ਰਾਜਾਂ ਵਿੱਚ ਇਸ ਬਾਰੇ ਕੀ ਕੀਤਾ



ਗਿਆ ਹੈ, ਇਸ ਬਾਰੇ ਉਨ੍ਹਾਂ ਨੇ ਕੁਝ ਨਹੀਂ ਦੱਸਿਆ। ਇਸ ਤੋਂ ਪਹਿਲਾਂ ਮੰਗਲਵਾਰ ਨੂੰ ਸੁਪਰੀਮ ਕੋਰਟ ਨੇ ਤੋਂ ਵਿਸਤ੍ਰਿਤ ਸਪੱਸਟੀਕਰਨ ਮੰਗਿਆ ਸੀ ਅਤੇ ਉਸ ਨੂੰ ਇਹ ਦੱਸਣ ਲਈ ਕਿਹਾ ਸੀ ਕਿ ਇਸ ਨੇ ਪਰਾਲੀ ਸਾੜਨ ਨੂੰ ਰੋਕਣ ਲਈ ਕਿਹੜੇ ਮਾਪਦੰਡ ਨਿਰਧਾਰਤ ਕੀਤੇ ਹਨ। ਸੀਨੀਅਰ ਐਡਵੋਕੇਟ ਅਪਰਾਜਿਤਾ ਸਿੰਘ, ਜੋ ਕਿ ਅਦਾਲਤ ਦੀ ਐਮੀਕਸ ਕਿਊਰੀ ਵਜੋਂ ਸਹਾਇਤਾ ਕਰ ਰਹੀ ਹੈ, ਨੇ ਮੀਡੀਆ ਰਿਪੋਰਟਾਂ ਦਾ ਹਵਾਲਾ ਦਿੱਤਾ ਸੀ ਜੋ ਸੁਝਾਅ ਦਿੰਦੇ ਹਨ ਕਿ ਪਰਾਲੀ ਸਾੜਨ ਦਾ ਕੰਮ ਸੁਰੂ ਹੋ ਗਿਆ ਹੈ। ਇਸ ਦੇ ਮੱਦੇਨਜਰ ਬੈਂਚ ਨੇ ਕਮਿਸਨ ਨੂੰ 28 ਸਤੰਬਰ ਤੱਕ ਜਵਾਬ ਦਾਖਲ ਕਰਨ ਲਈ ਕਿਹਾ ਸੀ। ਸੁੱਕਰਵਾਰ ਨੂੰ ਸੁਪਰੀਮ ਕੋਰਟ ਨੇ ਕਮਿਸਨ ਦੇ ਰੁਖ 'ਤੇ ਨਾਖੁਸੀ ਜਾਹਰ ਕਰਦਿਆਂ ਕਿਹਾ ਕਿ ਉਹ ਕਾਨੂੰਨ ਨੂੰ ਲਾਗੂ ਕਰਨ 'ਚ ਅਸਫਲ ਰਿਹਾ ਹੈ। ਅਜਿਹਾ ਲਗਦਾ ਹੈ ਕਿ ਸਭ ਕੁਝ ਹਵਾ ਵਿਚ ਹੈ। ਕਮਿਸਨ ਸਿਰਫ ਮੂਕ ਦਰਸਕ ਬਣਿਆ ਹੋਇਆ ਹੈ। ਬਿਹਤਰ ਹਲਫਨਾਮਾ ਦਾਇਰ ਕਰਨ ਦੀ ਹਦਾਇਤ ਕਰਦਿਆਂ ਅਦਾਲਤ ਨੇ ਹੈਰਾਨੀ ਪ੍ਰਗਟਾਈ ਕਿ ਐਕਟ ਦੀ ਧਾਰਾ 14 ਤਹਿਤ ਪਰਾਲੀ ਸਾੜਨ ਵਾਲਿਆਂ ਖ਼ਿਲਾਫ ਕਾਰਵਾਈ ਕਰਨ ਦਾ ਅਧਿਕਾਰ ਹੋਣ ਦੇ ਬਾਵਜੂਦ ਕਮਿਸਨ ਨੇ ਆਪਣੇ ਗਠਨ ਤੋਂ ਬਾਅਦ ਕੋਈ ਕਾਰਵਾਈ ਨਹੀਂ ਕੀਤੀ। ਅਗਲੀ ਸੁਣਵਾਈ 3 ਅਕਤੂਬਰ ਨੂੰ ਹੋਵੇਗੀ।

# ਦੇਸ਼ ਨੂੰ ਸ਼ਰਮਸਾਰ ਕਰਨ ਦਾ ਕੋਈ ਮੌਕਾ ਨਹੀਂ ਛੱਡਦੇ ਰਾਹੁਲ : ਭਜਨ ਲਾਲ

**ਨਵਦੀਪ ਸਿੰਘ ਸਾਹਨੀ**

ਅਸੰਧ 28 ਸਤੰਬਰ। ਰਾਜਸਥਾਨ ਦੇ ਮੁੱਖ ਮੰਤਰੀ ਭਜਨ ਲਾਲ ਸਰਮਾ ਨੇ ਕਾਂਗਰਸ ਆਗੂ ਰਾਹੁਲ ਗਾਂਧੀ 'ਤੇ ਦੇਸ ਨੂੰ ਦੁਨੀਆਂ 'ਚ ਸਰਮਿੰਦਾ ਕਰਨ ਦਾ ਕੋਈ ਮੌਕਾ ਨਹੀਂ ਛੱਡਣ ਦਾ ਦੋਸ ਲਾਉਂਦਿਆਂ ਕਿਹਾ ਹੈ ਕਿ ਉਹ ਜਦੋਂ ਵੀ ਵਿਦੇਸ ਜਾਂਦੇ ਹਨ ਤਾਂ ਉੱਥੇ ਦੇਸ ਵਿਰੋਧੀਆਂ ਨਾਲ ਮੁਲਾਕਾਤ ਕਰਦੇ ਹਨ। ਰਾਹੁਲ ਗਾਂਧੀ ਨੂੰ ਜਨਤਾ ਨੂੰ ਦੱਸਣਾ ਚਾਹੀਦਾ ਹੈ ਕਿ ਉਸ ਦਾ ਉਨ੍ਹਾਂ ਨਾਲ ਕੀ ਰਿਸਤਾ ਹੈ। ਸ਼੍ਰੀ ਸਰਮਾ ਸੁੱਕਰਵਾਰ ਨੂੰ ਹਰਿਆਣਾ ਦੇ ਅਸੰਧ ਵਿਧਾਨ ਸਭਾ ਹਲਕੇ 'ਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਉਮੀਦਵਾਰ ਯੋਗੇਂਦਰ ਰਾਣਾ ਦੇ ਸਮਰਥਨ 'ਚ ਆਯੋਜਿਤ ਚੋਣ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਉਹ ਸਿੱਖ ਭਰਾਵਾਂ ਬਾਰੇ ਭੱਦੀਆਂ ਟਿੱਪਣੀਆਂ ਕਰਕੇ ਦੇਸ ਦੀ ਇੱਜਤ ਨੂੰ ਠੇਸ ਪਹੁੰਚਾਉਣ ਦਾ ਕੰਮ ਕਰਦੇ ਹਨ। ਕਾਂਗਰਸ ਦੀ ਸਰਕਾਰ ਵੇਲੇ 1984 ਦੌਰਾਨ ਸਿੱਖਾਂ ਨਾਲ ਕੀ ਬੀਤੀ ਸਾਰੀ ਦੁਨੀਆ ਜਾਣਦੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਦਾ ਗਰੀਬਾਂ ਅਤੇ ਮਜਦੂਰਾਂ ਨਾਲ ਕੋਈ ਸਬੰਧ ਨਹੀਂ ਹੈ। ਇਸ ਪਾਰਟੀ ਨੇ ਹਮੇਸਾ ਗਰੀਬਾਂ ਦਾ ਸੋਸਣ ਕੀਤਾ ਹੈ, ਜਦਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਿਰਫ ਚਾਰ ਜਾਤਾਂ-ਕਿਸਾਨਾਂ, ਮਜਦੂਰਾਂ, ਨੌਜਵਾਨਾਂ ਅਤੇ ਔਰਤਾਂ ਨੂੰ ਕੇਂਦਰ 'ਚ ਰੱਖ ਕੇ



ਉਨ੍ਹਾਂ ਦੇ ਵਿਕਾਸ ਲਈ ਲਗਾਤਾਰ ਕੰਮ ਕੀਤਾ ਹੈ। ਉਨ੍ਹਾਂ ਵੱਲੋਂ ਕੀਤੇ ਵਿਕਾਸ ਕਾਰਜਾਂ ਸਦਕਾ ਅੱਜ ਹਰ ਵਰਗ ਦੀ ਭਲਾਈ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪਿਛਲੇ 10 ਸਾਲਾਂ 'ਚ ਭਾਜਪਾ ਦੀ ਸਰਕਾਰ ਨੇ ਹਰਿਆਣਾ ਦੇ ਵਿਕਾਸ ਨੂੰ ਹੁਲਾਰਾ ਦਿੱਤਾ ਹੈ। ਅੱਜ ਹਰਿਆਣਾ ਵਿਕਾਸ ਦੇ ਰਾਹ 'ਤੇ ਦੁੱਗਣੀ ਰਫਤਾਰ ਨਾਲ ਦੌੜ ਰਿਹਾ ਹੈ। ਭਾਜਪਾ ਸਰਕਾਰ ਨੇ ਉਦਯੋਗਿਕ ਖੇਤਰਾਂ ਦਾ ਵਿਕਾਸ, ਹਾਈਵੇਅ ਬਣਾਉਣ ਅਤੇ ਕਿਸਾਨਾਂ ਦੀ ਭਲਾਈ ਦੇ ਕੰਮ ਕੀਤੇ ਹਨ। ਇਸ ਵਿਕਾਸ ਦੀ ਰਫਤਾਰ ਨੂੰ ਬਰਕਰਾਰ ਰੱਖਣ ਲਈ ਮੁੜ ਤੋਂ ਵੱਡੇ ਪੱਧਰ 'ਤੇ ਭਾਜਪਾ ਦੀ ਸਰਕਾਰ ਬਣਾਈ ਜਾਵੇ। ਸ਼੍ਰੀ ਸਰਮਾ ਨੇ ਕਿਹਾ ਕਿ 2014 ਤੋਂ ਪਹਿਲਾਂ ਕਾਂਗਰਸ ਦੇ ਰਾਜ 'ਚ ਦੇਸ 'ਚ ਹੋਏ ਭ੍ਰਿਸਟਾਚਾਰ ਅਤੇ ਘਪਲਿਆਂ ਨੂੰ ਹਰ ਕੋਈ ਜਾਣਦਾ ਹੈ। ਕਾਂਗਰਸ ਦੇਸ 'ਚ ਭ੍ਰਿਸਟਾਚਾਰ ਦੀ ਮਾਂ ਹੈ ਅਤੇ ਇਸ ਨੇ ਸਿਰਫ ਲੁੱਟ ਅਤੇ ਝੂਠ ਬੋਲਣ ਦਾ ਕੰਮ ਕੀਤਾ ਹੈ। ਕਾਂਗਰਸ ਦੇ ਰਾਜ ਦੌਰਾਨ ਬੱਸ ਅੱਡਿਆਂ, ਰੇਲਵੇ ਸਟੇਸਨਾਂ ਅਤੇ ਭੀੜ-ਭੜੱਕੇ ਵਾਲੀਆਂ ਥਾਵਾਂ 'ਤੇ ਬੰਬ ਧਮਾਕਿਆਂ ਦੀਆਂ ਘਟਨਾਵਾਂ ਆਮ ਹੋ ਗਈਆਂ ਸਨ ਪਰ ਜਦੋਂ ਤੋਂ ਸ੍ਰੀ ਮੋਦੀ ਨੇ ਦੇਸ ਦੀ ਵਾਗਡੋਰ ਸੰਭਾਲੀ ਹੈ, ਦੁਸਮਣਾਂ ਨੂੰ ਮੂੰਹ ਤੋੜਵਾਂ ਜਵਾਬ ਦਿੱਤਾ ਜਾ ਰਿਹਾ ਹੈ।

## ਮੈਨੂੰ ਨਿਸ਼ਾਨਾ ਬਣਾਇਆ ਜਾ ਰਿਹੈ ਕਿਉਂਕਿ ਵਿਰੋਧੀ ਧਿਰ ਮੇਰੇ ਤੋਂ ਡਰਦਾ ਹੈ: ਸਿੱਧਰਮਈਆ

ਮੈਸੂਰ 28 ਸਤੰਬਰ। ਕਰਨਾਟਕ ਦੇ ਮੁੱਖ ਮੰਤਰੀ ਸਿੱਧਰਮਈਆ ਨੇ ਦਾਅਵਾ ਕੀਤਾ ਕਿ ਮੈਸੂਰ ਸ਼ਹਿਰੀ ਵਿਕਾਸ ਅਥਾਰਟੀ ਜਮੀਨ ਅਲਾਟਮੈਂਟ ਮਾਮਲੇ 'ਚ ਉਨ੍ਹਾਂ ਨੂੰ ਇਸ ਲਈ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਕਿਉਂਕਿ ਵਿਰੋਧੀ ਧਿਰ ਉਨ੍ਹਾਂ ਤੋਂ ਡਰਦਾ ਹੈ। ਇਸ ਦੇ ਨਾਲ ਹੀ ਸਿੱਧਰਮਈਆ ਨੇ ਕਿਹਾ ਕਿ ਇਹ ਉਨ੍ਹਾਂ ਖਿਲਾਫ ਪਹਿਲਾ ਸਿਆਸੀ ਮਾਮਲਾ ਹੈ। ਮੁੱਖ ਮੰਤਰੀ ਨੇ ਦੋਹਰਾਇਆ ਕਿ ਮਾਮਲੇ ਵਿਚ ਅਦਾਲਤ ਵਲੋਂ ਉਨ੍ਹਾਂ ਖਿਲਾਫ ਜਾਂਚ ਦੇ ਆਦੇਸ਼ ਦਿੱਤੇ ਜਾਣ ਮਗਰੋਂ ਵੀ ਉਹ ਅਸਤੀਫਾ ਨਹੀਂ ਦੇਣਗੇ ਕਿਉਂਕਿ ਉਨ੍ਹਾਂ ਨੇ ਕੁਝ ਗਲਤ ਨਹੀਂ ਕੀਤਾ। ਉਨ੍ਹਾਂ ਨੇ ਜੋਰ ਦੇ ਕੇ ਕਿਹਾ ਕਿ ਉਹ ਕਾਨੂੰਨੀ ਰੂਪ ਨਾਲ ਲੜਾਈ ਲੜਨਗੇ। ਕੇਂਦਰ ਸਰਕਾਰ 'ਤੇ ਸੀ. ਬੀ. ਆਈ., ਈਡੀ ਵਰਗੀਆਂ ਕੇਂਦਰੀ ਏਜੰਸੀਆਂ ਅਤੇ ਦੇਸ਼ ਭਰ ਵਿਚ ਵਿਰੋਧੀ ਧਿਰ ਸ਼ਾਸਿਤ ਸੂਬਿਆਂ ਵਿਚ ਰਾਜਪਾਲ ਦੇ ਕਾਰਜਕਾਲ ਦੀ ਦੁਰਵਰਤੋਂ ਕਰਨ ਦਾ ਦੋਸ਼ ਲਾਉਂਦੇ ਹੋਏ ਉਨ੍ਹਾਂ ਨੇ ਕਿਹਾ ਕਿ ਪ੍ਰਸ਼ਾਸਨ ਵਿਚ ਰਾਜਪਾਲ ਦੇ ਦਖਲ ਦੇ ਮੁੱਦੇ ਨੂੰ ਲੈ ਕੇ ਰਾਸ਼ਟਰੀ ਪੱਧਰ 'ਤੇ ਬਹਿਸ ਦੀ ਲੋੜ ਹੈ। ਸਿੱਧਰਮਈਆ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੈਂ ਕੁਝ ਗਲਤ ਨਹੀਂ ਕੀਤਾ। ਇਹ ਪਹਿਲੀ ਵਾਰ ਹੈ ਜਦੋਂ ਮੇਰੇ ਖਿਲਾਫ ਕੋਈ ਸਿਆਸੀ ਮੁਕੱਦਮਾ ਦਰਜ ਕੀਤਾ ਜਾ ਰਿਹਾ ਹੈ। ਇਹ ਇਕ ਸਿਆਸੀ ਮਾਮਲਾ ਹੈ, ਕ੍ਰਿਪਾ ਕਰ ਕੇ ਇਸ ਗੱਲ ਦਾ ਧਿਆਨ ਰੱਖੋ। ਇਹ ਪੁੱਛੇ ਜਾਣ 'ਤੇ ਕਿ ਕੀ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਉਨ੍ਹਾਂ ਨੇ ਕਿਹਾ ਕਿ ਕਿਉਂਕਿ ਵਿਰੋਧੀ ਧਿਰ ਮੇਰੇ ਤੋਂ ਡਰਦੇ ਹਨ। ਸਿੱਧਰਮਈਆ ਦੇ ਅਸਤੀਫੇ ਨੂੰ ਲੈ ਕੇ ਭਾਜਪਾ ਦੇ ਪ੍ਰਦਰਸ਼ਨ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਮੈਂ ਕਿਉਂ ਅਸਤੀਫਾ ਦੇਵਾ? ਜੇਕਰ ਕਿਸੇ ਨੇ ਕੁਝ ਗਲਤ ਕੀਤਾ ਹੈ ਤਾਂ ਉਸ ਨੂੰ ਅਸਤੀਫਾ ਦੇਣਾ ਚਾਹੀਦਾ ਹੈ। ਜਦੋਂ ਅਸੀਂ ਕਹਿ ਰਹੇ ਹਾਂ ਕਿ ਕੁਝ ਗਲਤ ਨਹੀਂ ਹੋਇਆ ਹੈ ਤਾਂ ਫਿਰ ਅਸਤੀਫੇ ਦਾ ਸਵਾਲ ਕਿੱਥੇ ਉਠਦਾ ਹੈ?

# ਖੜਗੇ ਨੇ ਨੌਜਵਾਨਾਂ ਦੀ ਬੇਰੁਜਗਾਰੀ ਨੂੰ ਲੈ ਕੇ ਮੋਦੀ 'ਤੇ ਸਾਧਿਆ ਨਿਸ਼ਾਨਾ

**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 28 ਸਤੰਬਰ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਸਨੀਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਦੇਸ 'ਚ ਨੌਜਵਾਨ ਬੇਰੁਜਗਾਰੀ ਦੇ 'ਭੈੜਦੇ ਪੱਧਰ' 'ਤੇ ਨਿਸਾਨਾ ਸਾਧਦੇ ਹੋਏ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਦੱਸਣਾ ਚਾਹੀਦਾ ਹੈ ਕਿ ਕੀ 2023-24 'ਚ ਨੌਜਵਾਨਾਂ ਦੀ ਬੇਰੁਜਗਾਰੀ ਦੀ ਦਰ 10.2 ਫੀਸਦੀ ਨਹੀਂ ਰਹੀ। ਪੀਰੀਓਡਿਕ ਲੇਬਰ ਫੋਰਸ ਸਰਵੇ (ਪੀ.ਐੱਲ.ਐੱਫ.ਐੱਸ.) ਦੇ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਇਹ ਵੀ ਕਿਹਾ ਕਿ ਸਾਰੀਆਂ ਕੋਸ਼ਿਸਾਂ ਦੇ ਬਾਵਜੂਦ ਇਹ ਸਰਕਾਰੀ ਅੰਕੜੇ ਨੌਜਵਾਨਾਂ ਦੀ ਬੇਵਸੀ ਨੂੰ ਛੁਪਾਉਣ ਦੇ ਸਮਰੱਥ ਨਹੀਂ ਹਨ। ਖੜਗੇ ਨੇ ਐਕਸ 'ਤੇ ਪੋਸਟ ਕੀਤਾ, "ਬੇਰੁਜਗਾਰੀ ਤੋਂ ਵੱਡਾ ਦੇਸ ਵਿੱਚ ਕੋਈ ਮੁੱਦਾ ਨਹੀਂ ਹੈ। ਨੌਜਵਾਨਾਂ ਦੇ ਭਵਿੱਖ ਨੂੰ ਬਰਬਾਦ ਕਰਨ ਵਿੱਚ ਮੋਦੀ ਜੀ ਦਾ ਸਭ ਤੋਂ ਵੱਡਾ ਯੋਗਦਾਨ ਹੈ।" ਉਨ੍ਹਾਂ ਕਿਹਾ ਕਿ ਜੇਕਰ ਅਸੀਂ ਤਾਜਾ ਪੀ.ਐੱਲ.ਐੱਫ.ਐੱਸ. ਦੇ ਅੰਕੜਿਆਂ 'ਤੇ ਨਜਰ ਮਾਰੀਏ ਤਾਂ ਸਾਰੀਆਂ ਕੋਸ਼ਿਸਾਂ ਦੇ ਬਾਵਜੂਦ ਇਹ ਸਰਕਾਰੀ ਅੰਕੜੇ ਨੌਜਵਾਨਾਂ ਦੀ ਬੇਵਸੀ ਨੂੰ ਛੁਪਾਉਣ ਦੇ ਸਮਰੱਥ ਨਹੀਂ ਹਨ। ਕਾਂਗਰਸ ਪ੍ਰਧਾਨ ਨੇ ਕਿਹਾ ਕਿ ਨਰਿੰਦਰ ਮੋਦੀ ਜੀ ਦੱਸਣਾ ਚਾਹੀਦਾ ਹੈ ਕਿ ਕੀ 2023-24 'ਚ ਨੌਜਵਾਨਾਂ ਦੀ ਬੇਰੁਜਗਾਰੀ 10.2 ਫੀਸਦੀ ਦੇ ਡਰਾਉਣੇ ਪੱਧਰ 'ਤੇ ਨਹੀਂ ਰਹੀ?



ਰੰਗ-ਬਿਰੰਗੇ ਨਾਅਰੇ ਦੇਣ ਅਤੇ ਫੋਟੋਆਂ ਖਿਚਵਾਉਣ ਦੀ ਬਜਾਏ ਮੋਦੀ ਜੀ ਨੇ ਨੌਜਵਾਨਾਂ ਨੂੰ ਨੌਕਰੀਆਂ ਦੇਣ ਲਈ ਕੀ ਕੀਤਾ? ਖੜਗੇ ਨੇ ਇਹ ਵੀ ਸਵਾਲ ਕੀਤਾ ਹੈ ਕਿ ਨਿਰਮਾਣ ਖੇਤਰ ਨੂੰ ਹਰ ਰੋਜ ਬਿਗਲ ਵਜਾਉਣ ਵਾਲੀ ਮੋਦੀ ਸਰਕਾਰ ਨੇ ਪਿਛਲੇ 7 ਸਾਲਾਂ ਵਿੱਚ ਰੁਜਗਾਰ ਦੇ ਮੌਕਿਆਂ ਵਿਚ ਵਾਧਾ ਕਿਉਂ ਨਹੀਂ ਕੀਤਾ ਅਤੇ ਇਹ ਅੰਕੜਾ 15.85 ਫੀਸਦੀ (2017-18) ਤੋਂ ਘਟ ਕੇ ਸਿਰਫ 11.4 ਫੀਸਦੀ (2023-24) ਤੱਕ ਕਿਵੇਂ ਰਹਿ ਗਿਆ ਹੈ। ਛੱਡ ਦਿੱਤਾ? ਉਨ੍ਹਾਂ ਕਿਹਾ, "ਮੋਦੀ ਜੀ, ਯਾਦ ਰੱਖੋ... ਭਾਰਤ ਦਾ ਇਕ-ਇਕ ਨੌਜਵਾਨ, ਜਿਸਦੇ ਰੁਜਗਾਰ ਨੂੰ ਤੁਹਾਡੀ ਸਰਕਾਰ ਨੇ ਖੋਹਣ ਦਾ ਕੰਮ ਕੀਤਾ ਹੈ, ਉਹ ਚੋਣਾਂ ਤੋਂ ਬਾਅਦ ਚੋਣਾਂ ਵਿੱਚ ਭਾਜਪਾ ਨੂੰ ਹਰਾਉਣ ਦਾ ਇੱਕੋ ਇੱਕ ਕੰਮ ਕਰੇਗਾ।"

## ਗੈਰ-ਕਾਨੂੰਨੀ ਰੂਪ ਨਾਲ ਦਾਖਲ ਹੋਣ 'ਤੇ ਫੜੇ ਗਏ 17 ਬੰਗਲਾਦੇਸ਼ੀ ਵਾਪਸ ਭੇਜੇ

ਗੁਹਾਟੀ 28 ਸਤੰਬਰ। ਭਾਰਤ 'ਚ ਗੈਰ-ਕਾਨੂੰਨੀ ਰੂਪ ਨਾਲ ਦਾਖਲ ਹੋਣ ਦੇ ਦੋਸ਼ 'ਚ ਆਸਾਮ ਤੋਂ ਫੜੇ ਗਏ 8 ਬੱਚਿਆਂ ਸਮੇਤ 17 ਬੰਗਲਾਦੇਸ਼ੀਆਂ ਨੂੰ ਸ਼ਨੀਵਾਰ ਨੂੰ ਵਾਪਸ ਭੇਜ ਦਿੱਤਾ ਗਿਆ। ਮੁੱਖ ਮੰਤਰੀ ਹਿਮੰਤ ਵਿਸ਼ਵ ਸ਼ਰਮਾ ਨੇ ਇਹ ਜਾਣਕਾਰੀ ਦਿੱਤੀ। ਸ਼ਰਮਾ ਨੇ 'ਐਕਸ' 'ਤੇ ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਇਕ ਤਸਵੀਰ ਸਾਂਝਾ ਕਰਦਿਆਂ ਕਿਹਾ ਕਿ ਘੁਸਪੈਠ ਖਿਲਾਫ ਸਖਤ ਕਦਮ ਚੁੱਕਦੇ ਹੋਏ ਆਸਾਮ ਪੁਲਸ ਨੇ ਅੱਜ ਤੜਕੇ 9 ਬੰਗਲਾਦੇਸ਼ੀਆਂ ਅਤੇ 8 ਬੱਚਿਆਂ ਨੂੰ ਸਰਹੱਦ 'ਤੇ ਵਾਪਸ ਭੇਜ ਦਿੱਤਾ। ਅਧਿਕਾਰੀਆਂ ਨੇ ਦੱਸਿਆ ਕਿ ਬੰਗਲਾਦੇਸ਼ ਵਿਚ ਸਿਆਸੀ ਸੰਕਟ ਮਗਰੋਂ ਭਾਰਤ ਵਿਚ ਗੈਰ-ਕਾਨੂੰਨੀ ਰੂਪ ਨਾਲ ਦਾਖਲ ਹੋਣ ਦੀ ਕੋਸ਼ਿਸ਼ ਵਿਚ ਹੁਣ ਤੱਕ ਆਸਾਮ ਵਿਚ ਕਰੀਬ 100 ਲੋਕਾਂ ਨੂੰ ਫੜ ਕੇ ਵਾਪਸ ਭੇਜਿਆ ਗਿਆ ਹੈ।

## ਸੰਸਦ ਮੈਂਬਰ ਕੁਮਾਰੀ ਸ਼ੈਲਜਾ ਨੇ ਕਾਂਗਰਸ ਲਈ ਸ਼ੁਰੂ ਕੀਤਾ ਚੋਣ ਪ੍ਰਚਾਰ

ਚੰਡੀਗੜ੍ਹ 28 ਸਤੰਬਰ। ਕਾਂਗਰਸ ਤੋਂ 'ਨਾਰਾਜ' ਦੱਸੀ ਜਾ ਰਹੀ ਸਿਰਸਾ ਤੋਂ ਸੰਸਦ ਮੈਂਬਰ ਕੁਮਾਰੀ ਸੈਲਜਾ ਨੇ ਹਰਿਆਣਾ ਵਿਧਾਨ ਸਭਾ ਚੋਣਾਂ 'ਚ ਪਾਰਟੀ ਉਮੀਦਵਾਰਾਂ ਲਈ ਜੋਰਦਾਰ ਪ੍ਰਚਾਰ ਸੁਰੂ ਕਰ ਦਿੱਤਾ ਹੈ। ਕੁਮਾਰੀ ਸੈਲਜਾ ਨੇ ਸੁੱਕਰਵਾਰ ਨੂੰ ਕਾਲਾਂਵਾਲੀ ਅਤੇ ਟੋਹਾਣਾ ਵਿਧਾਨ ਸਭਾ ਹਲਕਿਆਂ 'ਚ ਪਾਰਟੀ ਉਮੀਦਵਾਰਾਂ ਦੇ ਹੱਕ 'ਚ ਚੋਣ ਪ੍ਰਚਾਰ ਕਰਨ ਦੀ ਜਾਣਕਾਰੀ ਦਿੱਤੀ। ਉਨ੍ਹਾਂ ਵੀਰਵਾਰ ਸਾਮ ਹਿਸਾਰ 'ਚ ਚੋਣ ਪ੍ਰਚਾਰ ਕੀਤਾ। ਕੁਮਾਰੀ ਸੈਲਜਾ ਜੋ ਲਗਭਗ ਇਕ ਪੰਦਰਵਾੜੇ ਤੋਂ ਚੋਣ ਪ੍ਰਚਾਰ ਤੋਂ ਦੂਰ ਸੀ, ਵੀਰਵਾਰ ਨੂੰ ਕਰਨਾਲ ਜ਼ਿਲ੍ਹੇ 'ਚ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦੀ ਰੈਲੀ 'ਚ ਸਾਮਲ ਹੋਈ। ਰੈਲੀ ਵਿਚ ਹਰਿਆਣਾ ਦੇ ਵਿਰੋਧੀ ਧਿਰ ਦੇ ਨੇਤਾ ਭੁਪਿੰਦਰ ਸਿੰਘ ਹੁੱਡਾ ਵੀ ਮੌਜੂਦ ਸਨ। ਅਜਿਹੀਆਂ ਖਬਰਾਂ ਸਨ ਕਿ ਚੋਣਾਂ 'ਚ ਟਿਕਟਾਂ ਦੀ ਵੰਡ 'ਚ ਹੁੱਡਾ ਧੜੇ ਨੂੰ ਤਰਜੀਹ ਦੇਣ ਅਤੇ ਫਿਰ ਇਕ ਕਾਂਗਰਸੀ ਵਰਕਰ ਵੱਲੋਂ ਕੁਮਾਰੀ ਸੈਲਜਾ ਬਾਰੇ ਜਾਤੀ ਟਿੱਪਣੀ ਤੋਂ ਬਾਅਦ ਉਹ ਨਾਰਾਜ ਹੋ ਗਏ ਸਨ ਅਤੇ ਪਾਰਟੀ ਪ੍ਰਚਾਰ ਤੋਂ ਦੂਰ ਹੋ ਗਏ ਸਨ। ਇਸ ਤੋਂ ਪਹਿਲਾਂ ਉਸ ਨੇ ਇਹ ਬਿਆਨ ਵੀ ਦਿੱਤਾ ਸੀ ਕਿ ਉਹ ਵਿਧਾਨ ਸਭਾ ਚੋਣਾਂ ਲੜਨਾ ਚਾਹੁੰਦੀ ਹੈ ਅਤੇ ਮੁੱਖ ਮੰਤਰੀ ਅਹੁਦੇ ਦੀ ਦਾਅਵੇਦਾਰ ਵੀ ਹੈ। ਸੂਤਰਾਂ ਅਨੁਸਾਰ ਇਸ ਦੌਰਾਨ ਕਾਂਗਰਸ ਉਨ੍ਹਾਂ ਨੂੰ ਅੰਦਰੂਨੀ ਤੌਰ 'ਤੇ ਸਾਂਤ ਕਰਨ ਦੀ ਕੋਸ਼ਿਸ ਕਰਦੀ ਰਹੀ। ਹੁੱਡਾ ਨੇ ਵੀ ਵਰਕਰ ਦੀ



ਵਿਵਾਦਤ ਟਿੱਪਣੀ ਤੋਂ ਬਾਅਦ ਤੁਰੰਤ ਬਿਆਨ ਦੇ ਦਿੱਤਾ ਕਿ ਕੁਮਾਰੀ ਸੈਲਜਾ ਉਨ੍ਹਾਂ ਦੀ ਭੈਣ ਵਰਗੀ ਹੈ ਅਤੇ ਉਨ੍ਹਾਂ ਵਿਰੁੱਧ ਅਜਿਹੀ ਟਿੱਪਣੀ ਕਰਨ ਵਾਲੇ ਲਈ ਕਾਂਗਰਸ ਵਿਚ ਕੋਈ ਥਾਂ ਨਹੀਂ ਹੈ। ਇਸ ਦੌਰਾਨ ਕੇਂਦਰੀ ਮੰਤਰੀ ਮਨੋਹਰ ਲਾਲ ਖੱਟੜ ਨੇ ਕੁਮਾਰੀ ਸੈਲਜਾ ਨੂੰ ਭਾਜਪਾ ਵਿਚ ਸਾਮਲ ਹੋਣ ਦਾ ਸੱਦਾ ਦਿੱਤਾ। ਭਾਜਪਾ ਨੇ ਕਾਂਗਰਸ ਨੂੰ ਦਲਿਤਾਂ ਅਤੇ ਔਰਤਾਂ ਦੇ ਅਪਮਾਨ ਦਾ ਮੁੱਦਾ ਬਣਾ ਕੇ ਘੇਰਨ ਦੀ ਕੋਸ਼ਿਸ ਕੀਤੀ।

## 3 ਮਹੀਨੇ ਪਹਿਲਾਂ ਵਿਆਹੀ ਕੁੜੀ ਦੀ ਸਹੁਰਿਆਂ ਨੇ ਹੀ ਲੁੱਟੀ ਆਬਰੂ, ਧੀ ਦਾ ਹਾਲ ਦੇਖ ਮਾਂ ਦੇ ਉੱਡੇ ਹੋਸ਼

ਸਾਹਨੇਵਾਲ 28 ਸਤੰਬਰ। ਦਿਲ 'ਚ ਨਵੇਂ ਸੁਫਨੇ ਸੰਜੋਈ ਡੋਲੀ 'ਚ ਬੈਠ ਕੇ ਸਹੁਰੇ ਘਰ ਪੁੱਜੀ ਕੁੜੀ ਨੂੰ ਕੀ ਪਤਾ ਸੀ ਕਿ ਉਸ ਦੇ ਸਹੁਰੇ ਹੀ ਉਸ ਦੀ ਆਬਰੂ ਲੁੱਟ ਲੈਣਗੇ। ਸਿਰਫ ਇੰਨਾ ਹੀ ਨਹੀਂ ਸਹੁਰੇ ਪਰਿਵਾਰ ਦੇ ਜੀਅ ਨਸ਼ੇ ਦੀਆਂ ਗੋਲੀਆਂ ਦੇ ਕੇ ਕੁੜੀ ਨਾਲ ਜਬਰ-ਜ਼ਿਨਾਹ ਕਰਦੇ ਸਨ। ਫਿਲਹਾਲ ਪੁਲਸ ਨੇ ਵਿਆਹੁਤਾ ਕੁੜੀ ਦੇ ਬਿਆਨਾਂ 'ਤੇ ਸਹੁਰੇ ਰਾਮ ਸਿੰਘ, ਦਿਓਰ ਰਾਕੇਸ਼, ਨਨਾਣ ਦੇ ਪੁੱਤਰ ਕਮਲ, ਵਿਚੋਲੇ ਉਮਕਾਰ ਸਿੰਘ ਖ਼ਿਲਾਫ ਮਾਮਲਾ ਦਰਜ ਕਰ ਲਿਆ ਹੈ। ਪ੍ਰਾਪਤ ਜਾਣਕਾਰੀ ਮੁਤਾਬਕ ਪੀੜਤ ਕੁੜੀ ਨੇ ਦੱਸਿਆ ਕਿ ਉਹ ਲੁਧਿਆਣਾ ਦੀ ਰਹਿਣ ਵਾਲੀ ਹੈ ਅਤੇ 3 ਮਹੀਨੇ ਪਹਿਲਾਂ ਉਸ ਦਾ ਵਿਆਹ ਰਾਜਸਥਾਨ ਦੇ ਹਨੂੰਮਾਨਗੜ੍ਹ ਇਲਾਕੇ 'ਚ ਹੋਇਆ ਸੀ। ਪੀੜਤਾ ਨੇ ਦੱਸਿਆ ਕਿ ਸਹੁਰੇ ਪਰਿਵਾਰ ਵਾਲੇ ਪਤੀ ਦੀ ਗੈਰ-ਹਾਜਰੀ 'ਚ ਉਸ ਨੂੰ ਪਰੇਸ਼ਾਨ ਕਰਨ ਲੱਗ ਪਏ। ਉਹ ਉਸ ਨੂੰ ਬੰਧਕ ਬਣਾ ਕੇ ਪਹਿਲਾਂ ਕੁੱਟਦੇ ਅਤੇ ਫਿਰ ਨਸ਼ੇ ਦੀਆਂ ਗੋਲੀਆਂ ਦੇ ਦਿੰਦੇ ਸਨ।

ਇਸ ਤੋਂ ਬਾਅਦ ਉਸ ਦਾ ਸਹੁਰਾ, ਨਣਾਨ ਦਾ ਪੁੱਤਰ, ਦਿਓਰ ਅਤੇ ਵਿਚੋਲਾ ਮਿਲ ਕੇ ਉਸ ਨਾਲ ਜਬਰ-ਜ਼ਿਨਾਹ ਕਰਦੇ ਸਨ। ਪੀੜਤਾ ਨੇ ਇਹ ਵੀ ਦੋਸ਼ ਲਾਇਆ ਕਿ ਦੋਸ਼ੀਆਂ ਨੇ ਉਸ ਦੇ ਖਾਤੇ 'ਚੋਂ 80 ਹਜਾਰ ਦੇ ਕਰੀਬ ਪੈਸੇ ਵੀ ਕੱਢਵਾ ਲਏ। 4 ਦਿਨ ਪਹਿਲਾਂ ਜਦੋਂ ਪੀੜਤਾ ਦੀ ਮਾਂ ਉਸ ਦੇ ਸਹੁਰੇ ਘਰ ਮਿਲਣ ਲਈ ਪੁੱਜੀ ਤਾਂ ਆਪਣੀ ਧੀ ਦੀ ਹਾਲਤ ਦੇਖ ਕੇ ਉਸ ਦੇ ਹੋਸ਼ ਉੱਡ ਗਏ। ਮਾਂ ਨੇ ਮੁਲਜਮਾਂ ਦੇ ਚੁੰਗਲ 'ਚੋਂ ਆਪਣੀ ਧੀ ਨੂੰ ਛੁਡਵਾਇਆ ਅਤੇ ਲੁਧਿਆਣਾ ਲੈ ਆਈ। ਇੱਥੇ ਥਾਣਾ ਸਾਹਨੇਵਾਲ ਦੀ ਪੁਲਸ ਨੂੰ ਸ਼ਿਕਾਇਤ ਦਿੱਤੀ ਗਈ। ਸਾਹਨੇਵਾਲ ਪੁਲਸ ਨੇ ਜੀਰੋ ਐੱਫ. ਆਈ. ਆਰ. ਦਰਜ ਕਰਕੇ ਮਾਮਲਾ ਰਾਜਸਥਾਨ ਪੁਲਸ ਨੂੰ ਭੇਜ ਦਿੱਤਾ ਹੈ। ਹੁਣ ਇਸ ਮਾਮਲੇ ਦੀ ਅਗਲੇਰੀ ਜਾਂਚ ਰਾਜਸਥਾਨ ਪੁਲਸ ਹੀ ਕਰੇਗੀ।

# ਘਰ 'ਚ ਜਿੰਦਾ ਸੜੇ ਪਤੀ-ਪਤਨੀ, ਪੁੱਤਰ ਨੇ ਕਮਰਾ ਖੋਲ੍ਹਿਆ ਤਾਂ ਰਹਿ ਗਿਆ ਹੱਕਾ-ਬੱਕਾ

ਸਿਰਸਾ 28 ਸਤੰਬਰ। ਹਰਿਆਣਾ ਦੇ ਸਿਰਸਾ ਜ਼ਿਲ੍ਹੇ ਵਿਚ ਅੱਜ ਇਕ ਪਤੀ-ਪਤਨੀ ਦੀ ਸ਼ੱਕੀ ਹਲਾਤਾਂ 'ਚ ਮੌਤ ਹੋ ਗਈ। ਦਰਅਸਲ ਘਰ ਵਿਚ ਪਤੀ-ਪਤਨੀ ਜ਼ਿੰਦਾ ਸੜ ਗਏ, ਜਿਸ ਕਾਰਨ ਦੋਹਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਮੌਕੇ 'ਤੇ ਪਹੁੰਚੀ ਅਤੇ ਪੁਲਸ ਦੇ ਆਲਾ ਅਧਿਕਾਰੀਆਂ ਨੇ ਘਟਨਾ ਦੀ ਜਾਣਕਾਰੀ ਲਈ। ਨਾਲ ਹੀ ਆਲੇ-ਦੁਆਲੇ ਦੇ ਲੋਕਾਂ ਤੋਂ ਵੀ ਪੁੱਛਗਿੱਛ ਕੀਤੀ ਅਤੇ ਲਾਸ਼ਾਂ ਨੂੰ ਪੋਸਟਮਾਰਟਮ ਲਈ ਹਸਪਤਾਲ ਪਹੁੰਚਾਇਆ। ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਅੱਗ ਲੱਗਣ ਦਾ ਕਾਰਨ ਅਜੇ ਸਪੱਸ਼ਟ ਨਹੀਂ ਹੋ ਸਕਿਆ ਹੈ। ਫਿਲਹਾਲ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਜਾਣਕਾਰੀ ਮੁਤਾਬਕ ਇਹ ਮਾਮਲਾ ਜ਼ਿਲ੍ਹੇ ਦੇ ਪਿੰਡ ਡੱਬਵਾਲੀ ਦੇ ਗਿੱਦੜਖੇੜਾ ਦਾ ਹੈ। ਦੱਸਿਆ ਜਾ ਰਿਹਾ ਹੈ ਕਿ ਪਤੀ-ਪਤਨੀ ਸੱਕੀ ਹਾਲਾਤਾਂ 'ਚ ਕਮਰੇ 'ਚ ਬੰਦ ਹੋ ਗਏ ਸਨ। ਇਸ ਤੋਂ ਥੋੜ੍ਹੀ ਦੇਰ ਬਾਅਦ ਕਮਰੇ 'ਚੋਂ ਅੱਗ ਦੀਆਂ ਲਪਟਾਂ ਨਿਕਲਣ ਲੱਗੀਆਂ। ਅੱਗ ਬੁਝਾਉਣ ਤੋਂ ਬਾਅਦ ਕਮਰੇ 'ਚੋਂ ਪਤੀ-ਪਤਨੀ ਦੀਆਂ ਸੜੀਆਂ ਹੋਈਆਂ ਲਾਸ਼ਾਂ



ਮਿਲੀਆਂ। ਦੋਵਾਂ ਦੇ ਸਿਰ 'ਤੇ ਵੀ ਸੱਟਾਂ ਦੇ ਨਿਸਾਨ ਸਨ। ਮ੍ਰਿਤਕ ਪਤੀ-ਪਤਨੀ ਦੇ 18 ਸਾਲਾ ਪੁੱਤਰ ਹਰਪਾਲ ਸਿੰਘ ਨੇ ਦੱਸਿਆ ਕਿ ਅੱਜ ਸਵੇਰੇ ਕਰੀਬ 4.30 ਵਜੇ ਉਸ ਦੇ ਘਰ ਦੇ ਕਮਰੇ ਵਿਚੋਂ ਅੱਗ ਦੀਆਂ ਲਪਟਾਂ ਨਿਕਲ ਰਹੀਆਂ ਸਨ। ਉਸ ਕਮਰੇ ਵਿਚ ਉਸ ਦੇ ਪਿਤਾ ਜਸਵੰਤ ਸਿੰਘ ਅਤੇ ਮਾਂ ਮਲਕੀਤ ਕੌਰ ਸੁੱਤੇ ਹੋਏ ਸਨ। ਹਰਪਾਲ ਨੇ ਦੱਸਿਆ ਕਿ ਉਸ ਦੇ ਘਰ ਵਿਚ ਗੁਰੂ ਦਾ ਪਾਠ ਚੱਲ ਰਿਹਾ ਸੀ। ਘਰ ਦੇ ਕੋਲ ਹੀ ਗੁਰਦੁਆਰਾ ਸਾਹਿਬ ਹੈ। ਸਵੇਰੇ ਪਿੰਡ ਦੇ ਕੁਝ ਲੋਕ ਗੁਰਦੁਆਰਾ ਸਾਹਿਬ ਵਿਚ ਮੱਥਾ ਟੇਕਣ ਲਈ ਜਾ ਰਹੇ ਸਨ। ਹਰਪਾਲ ਨੇ ਉਨ੍ਹਾਂ ਲੋਕਾਂ ਨੂੰ ਘਟਨਾ ਦੀ ਸੂਚਨਾ ਦਿੱਤੀ। ਉਸ ਦਾ ਕਹਿਣਾ ਸੀ ਕਿ ਘਰ ਵਿਚ ਕੋਈ 2 ਲੋਕ ਦਾਖਲ ਹੋਏ ਹਨ ਅਤੇ ਉਨ੍ਹਾਂ ਨੇ ਘਰ ਵਿਚ ਅੱਗ ਲਾ ਦਿੱਤੀ ਹੈ। ਸੂਚਨਾ ਮਿਲਣ 'ਤੇ ਲੋਕ ਹਰਪਾਲ ਦੇ ਘਰ ਪਹੁੰਚੇ। ਜਿਵੇਂ ਹੀ ਉਹ ਘਰ ਅੰਦਰ ਦਾਖਲ ਹੋਏ ਤਾਂ ਕਮਰੇ ਵਿਚ ਅੱਗ ਲੱਗੀ ਹੋਈ ਸੀ। ਇਸ ਦੇ ਨਾਲ ਹੀ ਅੱਗ ਬੁਝਾਉਣ ਦੀ ਕੋਸ਼ਿਸ਼ ਕੀਤੀ ਗਈ। ਲੋਕਾਂ ਨੇ ਕਾਫੀ ਮੁਸ਼ਕਤ ਮਗਰੋਂ ਕਮਰੇ ਦਾ ਦਰਵਾਜਾ ਤੋੜਿਆ। ਇਸ ਤੋਂ ਬਾਅਦ ਪਾਣੀ ਪਾ ਕੇ ਅੱਗ 'ਤੇ ਕਾਬੂ ਪਾਇਆ ਗਿਆ। ਦੋਵੇਂ ਪਤੀ-ਪਤਨੀ ਸੜੇ ਹੋਏ ਸਨ। ਫ਼ਿਲਹਾਲ ਪੁਲਸ ਕਾਰਵਾਈ ਵਿਚ ਜੁੱਟੀ ਹੈ ਕਿ ਅੱਗ ਕਿਵੇਂ ਅਤੇ ਕਿਸ ਨੇ ਲਾਈ ਹੈ।

## ਦੀਨਾਨਗਰ 'ਚ ਦੋ ਦੁਕਾਨਾਂ ਤੇ ਹੋਈ ਚੋਰੀ, ਹਜਾਰਾਂ ਰੁਪਏ ਦਾ ਸਮਾਨ ਤੇ ਨਕਦੀ ਲੈ ਕੇ ਫਰਾਰ ਹੋਏ ਚੋਰ

ਦੀਨਾਨਗਰ, 28 ਸਤੰਬਰ। ਪੁਲਸ ਸਟੇਸਨ ਦੀਨਾਨਗਰ ਅਧੀਨ ਆਉਂਦੇ ਇਲਾਕੇ ਅੰਦਰ ਨਿਤ ਦਿਨ ਚੋਰੀ ਦੀਆਂ ਘਟਨਾ 'ਚ ਵਾਧਾ ਹੋਣ ਕਾਰਨ ਲੋਕਾਂ ਵਿੱਚ ਚੋਰਾਂ ਦੀ ਦਹਿਸਤ ਵਾਲਾ ਮਾਹੌਲ ਵੇਖਿਆ ਜਾ ਰਿਹਾ ਹੈ, ਜਿਸ ਦੀ ਮਿਸਾਲ ਬੀਤੀ ਰਾਤ ਅੱਡਾ ਰਣਜੀਤ ਬਾਗ ਵਿਖੇ ਚੋਰਾਂ ਵੱਲੋਂ ਦੋ ਦੁਕਾਨਾਂ ਨੂੰ ਆਪਣਾ ਨਿਸਾਨਾ ਬਣਾਉਣ ਤੋਂ ਮਿਲਦੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਗੁਰੂ ਨਾਨਕ ਟੀ. ਵੀ. ਸੈਂਟਰ ਅਤੇ ਚੀਮਾ ਕਲੀਨਿਕ ਦੇ ਚੋਰਾਂ ਵੱਲੋਂ ਤਾਲੇ ਤੋੜ ਕੇ ਅੰਦਰੋਂ ਨਕਦੀ ਸਮੇਤ ਹੋਰ ਸਾਮਾਨ ਚੋਰੀ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਦੁਕਾਨ ਮਾਲਕ ਤਰਲੋਚਨ ਸਿੰਘ ਨੇ ਦੱਸਿਆ ਕਿ ਚੋਰਾਂ ਵੱਲੋਂ ਮੇਰੀ ਦੁਕਾਨ ਦੇ ਦੋਵੇਂ ਤਾਲੇ ਤੋੜ ਕੇ ਅੰਦਰ 2 ਐੱਲ. ਸੀ. ਡੀ. ਸਮੇਤ ਤਿੰਨ ਵੱਡੇ ਇਨਵਰਟਰ ਬੈਟਰੀਆਂ ਚੋਰੀ ਕਰਕੇ ਲੈ ਗਏ ਹਨ ਜਿਸ ਕਾਰਨ ਮੇਰਾ ਕਰੀਬ 80 ਤੋਂ 85 ਹਜਾਰ ਰੁਪਏ ਦਾ ਨੁਕਸਾਨ ਹੋਇਆ ਹੈ। ਇਸੇ ਤਰ੍ਹਾਂ ਹੀ ਦੂਸਰੀ ਦੁਕਾਨ ਚੀਮਾ ਕਲੀਨਿਕ ਦੇ ਮਾਲਕ ਲਖਵਿੰਦਰ ਸਿੰਘ ਨੇ ਦੱਸਿਆ ਕਿ ਚੋਰਾਂ ਵੱਲੋਂ ਤਾਲੇ ਤੋੜ ਕੇ ਅੰਦਰ ਪਿਆ 5 ਤੋਂ 6 ਹਜਾਰ ਰੁਪਏ ਦਾ ਕੈਸ ਚੋਰੀ ਕਰਕੇ ਲੈ ਗਏ ਹਨ, ਇਹਨਾਂ ਦੁਕਾਨਦਾਰਾਂ ਵੱਲੋਂ ਇਸ ਸਬੰਧੀ ਪੁਲਸ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਇਲਾਕਾ ਵਾਸੀਆਂ ਨੇ ਮੰਗ ਕੀਤੀ ਹੈ ਕਿ ਇਲਾਕਿਆਂ ਅੰਦਰ ਪੁਲਸ ਦੀ ਗਸਤ ਵਧਾਈ ਜਾਵੇ ਤਾਂ ਕਿ ਆਉਣ ਵਾਲੇ ਦਿਨਾਂ ਵਿੱਚ ਇਸ ਤਰ੍ਹਾਂ ਦੀਆਂ ਘਟਨਾ ਨਾ ਵਾਪਰ ਸਕਣ।

# ਪੰਜਾਬ ਦੇ ਅਨੇਕਾਂ ਨੀਲੇ ਕਾਰਡ ਧਾਰਕਾਂ ਨੂੰ ਲੱਗੇਗਾ ਝਟਕਾ, ਰਾਸ਼ਨ ਡਿਪੂਆਂ 'ਤੇ ਨਹੀਂ ਮਿਲੇਗੀ ਸਹੂਲਤ

ਲੁਧਿਆਣਾ 28 ਸਤੰਬਰ। 'ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ' ਨਾਲ ਜੁੜੇ ਅਨੇਕਾਂ ਕਾਰਡ ਧਾਰਕਾਂ ਨੂੰ 31 ਮਾਰਚ ਤੋਂ ਬਾਅਦ ਰਾਸ਼ਨ ਡਿਪੂਆਂ 'ਤੇ ਕਣਕ ਦਾ ਲਾਭ ਨਹੀਂ ਮਿਲੇਗਾ ਕਿਉਂਕਿ ਸਰਕਾਰ ਵਲੋਂ ਰਾਸ਼ਨ ਕਾਰਡ ਧਾਰਕ ਪਰਿਵਾਰਾਂ ਨੂੰ 1 ਅਕਤੂਬਰ 2022 ਤੋਂ ਲੈ ਕੇ 31 ਮਾਰਚ 2023 ਤੱਕ ਲਈ ਨਿਰਧਾਰਿਤ ਕੀਤੇ ਗਏ 6 ਮਹੀਨਿਆਂ ਦੀ ਕਣਕ ਦੇਣ ਲਈ 31 ਮਾਰਚ ਤੱਕ ਦਾ ਸਮਾਂ ਡੈੱਡਲਾਈਨ ਦੇ ਤੌਰ 'ਤੇ ਨਿਰਧਾਰਿਤ ਕੀਤਾ ਹੈ। ਇੱਥੇ ਦੱਸਣਾ ਜ਼ਰੂਰੀ ਹੋਵਗਾ ਕਿ ਸਰਕਾਰ ਵਲੋਂ ਮੌਜੂਦਾ ਸਮੇਂ ਦੌਰਾਨ 'ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ' ਨਾਲ ਜੁੜੇ ਲਾਭ ਪਾਤਰ ਪਰਿਵਾਰਾਂ ਨੂੰ 6 ਮਹੀਨਿਆਂ ਦੀ ਕਣਕ ਬਿਲਕੁਲ ਮੁਫਤ ਦਿੱਤੀ ਜਾ ਰਹੀ ਹੈ, ਜਿਸ ਦੇ ਤਹਿਤ ਰਾਸ਼ਨ ਕਾਰਡ 'ਚ ਦਰਜ ਹਰੇਕ ਮੈਂਬਰ ਨੂੰ 30 ਕਿੱਲੋ ਕਣਕ ਦੇਣ ਦਾ ਨਿਯਮ ਹੈ ਪਰ ਯੋਜਨਾ ਨੂੰ ਲੈ ਕੇ ਸ਼ੁਰੂ ਤੋਂ ਹੀ ਇਹ ਵਿਵਾਦ ਛਿੜਿਆ ਰਿਹਾ ਕਿ ਸਰਕਾਰ ਵਲੋਂ ਕਣਕ ਯੋਜਨਾ 'ਚ 30 ਫੀਸਦੀ ਦਾ ਭਾਰੀ ਕੱਟ ਲਗਾ ਦਿੱਤਾ ਗਿਆ ਹੈ। ਇਸ ਕਾਰਨ ਜ਼ਿਆਦਾਤਰ ਪਰਿਵਾਰਾਂ ਨੂੰ ਕਣਕ ਦੇ ਬਹੁਮੁੱਲੇ ਲਾਭ ਤੋਂ ਵਾਂਝੇ ਰਹਿਣਾ ਪਿਆ, ਜਿਸ ਦਾ ਖਾਮਿਆਜਾ ਜ਼ਿਆਦਾਤਰ ਡਿਪੂ



ਹੋਲਡਰਾਂ ਤੱਕ ਨੂੰ ਭੁਗਤਣਾ ਪਿਆ ਹੈ ਕਿਉਂਕਿ ਸਰਕਾਰ ਵਲੋਂ ਨੀਲੇ ਕਾਰਡ ਧਾਰਕਾਂ ਦੀ ਕਰਵਾਈ ਗਈ ਰੀ-ਵੈਰੀਫਿਕੇਸ਼ਨ ਦੌਰਾਨ ਜਿਨ੍ਹਾਂ ਪਰਿਵਾਰਾਂ ਦੇ ਰਾਸ਼ਨ ਕਾਰਡ ਕੱਟੇ ਗਏ ਹਨ, ਉਨ੍ਹਾਂ ਨੇ ਇਸ ਦਾ ਕਸੂਰਵਾਰ ਡਿਪੂ ਹੋਲਡਰ ਨੂੰ ਠਹਿਰਾਉਂਦੇ ਹੋਏ ਉਨ੍ਹਾਂ ਨਾਲ ਬਹਿਸਬਾਜੀ ਕਰਨ ਸਮੇਤ ਲੜਾਈ-ਝਗੜੇ ਤੱਕ ਵੀ ਕੀਤੇ ਗਏ ਹਨ। 'ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ' ਨਾਲ ਜੁੜੇ ਜ਼ਿਆਦਾਤਰ ਪਰਿਵਾਰਾਂ ਨੂੰ ਸਰਕਾਰ ਵਲੋਂ ਵੰਡੀ ਜਾਣ ਵਾਲੀ ਅਗਲੇ ਫੇਸ ਦੀ ਕਣਕ ਦੌਰਾਨ ਭਾਰੀ ਝਟਕਾ ਲੱਗੇਗਾ ਕਿਉਂਕਿ ਵੈਰੀਫਿਕੇਸ਼ਨ ਦੌਰਾਨ ਰੱਦ ਕੀਤੇ ਗਏ ਜ਼ਿਆਦਾਤਰ ਰਾਸ਼ਨ ਕਾਰਡ ਧਾਰਕਾਂ ਦੇ ਨਾਂ ਫੂਡ ਸਪਲਾਈ ਵਿਭਾਗ ਦੇ ਰਿਕਾਰਡ 'ਚੋਂ ਕੱਟੇ ਨਹੀਂ ਜਾ ਸਕੇ ਸੀ। ਜਾਣਕਾਰੀ ਦਿੰਦਿਆਂ ਆਲ ਇੰਡੀਆ ਸ਼ੇਅਰ ਪ੍ਰਾਈਸ ਸ਼ਾਪ ਡੀਲਰ ਐਸੋਸੀਏਸ਼ਨ ਦੇ ਪ੍ਰਧਾਨ ਕਰਮਜੀਤ ਸਿੰਘ ਅੜੈਚਾ ਨੇ ਦੱਸਿਆ ਕਿ ਆਉਣ ਵਾਲੇ ਦਿਨਾਂ 'ਚ ਰੀ-ਵੈਰੀਫਿਕੇਸ਼ਨ 'ਚ ਕੱਟੇ ਗਏ ਰਾਸ਼ਨ ਕਾਰਡਾਂ ਦਾ ਮਿਲਾਨ ਵਿਭਾਗ ਦੇ ਡਾਟਾ ਨਾਲ ਕਰ ਕੇ ਉਹੀ ਕਾਰਡ ਰੱਦ ਕੀਤੇ ਜਾਣਗੇ, ਜਿਨ੍ਹਾਂ ਨੂੰ ਆਉਣ ਵਾਲੇ ਸਮੇਂ ਵਿਚ ਕਣਕ ਦਾ ਲਾਭ ਨਹੀਂ ਮਿਲ ਸਕੇਗਾ, ਜੋ ਕਿ ਲਾਭਪਾਤਰ ਪਰਿਵਾਰਾਂ ਦੇ ਨਾਲ ਹੀ ਡਿਪੂ ਹੋਲਰਡਾਂ ਲਈ ਵੱਡੀ ਮੁਸੀਬਤ ਦਾ ਕਾਰਨ ਬਣ ਸਕਦਾ ਹੈ।

## ਘਰੇਲੂ ਝਗੜੇ ਕਾਰਨ ਵਿਅਕਤੀ 'ਤੇ ਤੇਜ਼ਧਾਰ ਹਥਿਆਰਾਂ ਨਾਲ ਕੀਤਾ ਹਮਲਾ

ਜ਼ੀਰਾ 28 ਸਤੰਬਰ। ਵਿਧਾਨ ਸਭਾ ਹਲਕਾ ਜ਼ੀਰਾ ਦੇ ਅਧੀਨ ਆਉਂਦੇ ਪਿੰਡ ਕੱਚਰ ਭੰਨ ਵਿਖੇ ਘਰੇਲੂ ਝਗੜੇ ਕਾਰਨ ਇਕ ਵਿਅਕਤੀ ਨੂੰ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਜ਼ਖਮੀਂ ਕਰ ਦਿੱਤਾ। ਇਸ ਸਬੰਧੀ ਥਾਣਾ ਸਦਰ ਜ਼ੀਰਾ ਪੁਲਸ ਨੇ ਇਕ ਵਿਅਕਕਤੀ ਨੂੰ ਗ੍ਰਿਫਤਾਰ ਕਰਕੇ ਦੋ ਖ਼ਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਜਗਦੀਸ਼ ਸਿੰਘ ਪੁੱਤਰ ਕਿੱਕਰ ਸਿੰਘ ਵਾਸੀ ਪਿੰਡ ਕੱਚਰ ਭੰਨ ਨੇ ਦੱਸਿਆ ਕਿ ਉਸ ਦਾ ਦੋ ਵਿਅਕਤੀਆਂ ਨਾਲ ਘਰੇਲੂ ਝਗੜਾ ਚੱਲ ਰਿਹਾ ਹੈ। ਉਸ ਦੇ ਚਾਚੇ ਬਿੱਕਰ ਸਿੰਘ ਪੁੱਤਰ ਤੋਤਾ ਸਿੰਘ ਅਤੇ ਉਸ ਦੇ ਲੜਕੇ ਕੁਲਵਿੰਦਰ ਸਿੰਘ ਨੇ ਹਮਮਸ਼ਵਰਾ ਹੋ ਕੇ ਉਸ ਨੂੰ ਮਾਰ ਦੇਣ ਦੀ ਨੀਅਤ ਨਾਲ ਤੇਜ਼ਧਾਰ ਹਥਿਆਰ ਨਾਲ ਹਮਲਾ ਕਰਕੇ ਜ਼ਖਮੀਂ ਕਰ ਦਿੱਤਾ। ਜਗਦੀਸ਼ ਸਿੰਘ ਨੇ ਦੱਸਿਆ ਕਿ ਉਸ ਦਾ ਇਲਾਜ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਵਿਖੇ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਏ. ਐੱਸ. ਆਈ. ਹਰਜਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਦੋ ਖ਼ਿਲਾਫ ਮਾਮਲਾ ਦਰਜ ਕਰਕੇ ਕੁਲਵਿੰਦਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

## ਮੋਬਾਇਲ ਲੱਭਣ ਡੂੰਘੇ ਪਾਣੀ 'ਚ ਉਤਰਿਆ ਪੁੱਤ ਡੁੱਬਿਆ ਤਾਂ ਪਿਓ ਨੇ ਵੀ ਮਾਰ ਦਿੱਤੀ ਛਾਲ

ਫਾਜ਼ਿਲਕਾ 28 ਸਤੰਬਰ। ਇੱਥੇ ਪਿੰਡ ਸ਼ੇਰਗੜ੍ਹ ਦੇ ਖੇਤਾਂ 'ਚ ਬਣੀ



ਪਾਣੀ ਦੀ ਡਿੱਗੀ 'ਚ ਡੁੱਬਣ ਕਾਰਨ ਪਿਤਾ-ਪੁੱਤਰ ਦੀ ਮੌਤ ਹੋਣ ਦੀ ਦੁਖਦਾਈ ਖਬਰ ਪ੍ਰਾਪਤ ਹੋਈ ਹੈ। ਇਸ ਘਟਨਾ ਦੀ ਸੂਚਨਾ ਮਿਲਦੇ ਹੀ ਥਾਣਾ ਖੂਈਆਂ ਸਰਵਰ ਪੁਲਸ ਨੇ ਦੋਹਾਂ ਦੀਆਂ ਲਾਸ਼ਾਂ ਨੂੰ ਸਰਕਾਰੀ ਹਸਪਤਾਲ ਪਹੁੰਚਾਇਆ। ਘਟਨਾ ਬਾਰੇ ਚਸ਼ਮਦੀਦਾਂ ਨੇ ਪੁਲਸ ਨੂੰ ਦੱਸਿਆ ਕਿ ਮੂਲਰੂਪ ਤੋਂ ਰਾਜਸਥਾਨ ਦੇ ਪਿੰਡ ਦਲੀਆਂਵਾਲੀ ਵਾਸੀ ਕਰੀਬ 45 ਸਾਲਾ ਨਿਰਮਲ ਸਿੰਘ ਪੁੱਤਰ ਗੁਰਜੀਤ ਸਿੰਘ ਅਬੋਹਰ ਦੀ ਪਿੰਡ ਸ਼ੇਰਗੜ੍ਹ 'ਚ 2 ਕਿਲ੍ਹੇ ਜਮੀਨ ਹੈ। ਇੱਥੇ ਫਸਲ ਦੀ ਦੇਖ-ਰੇਖ ਲਈ ਨਿਰਮਲ ਸਿੰਘ ਅਤੇ ਉਸ ਦਾ ਪੁੱਤਰ ਸੁਖਬੀਰ ਸਿੰਘ ਆਉਂਦੇ-ਜਾਂਦੇ ਰਹਿੰਦੇ ਹਨ। ਲੋਕਾਂ ਨੇ ਦੱਸਿਆ ਕਿ ਨਿਰਮਲ ਸਿੰਘ ਦੇ ਖੇਤ ਨੇੜੇ ਹੀ ਪਾਣੀ ਦੀ ਡਿੱਗੀ ਬਣੀ ਹੋਈ ਹੈ, ਜਿਸ ਨਾਲ ਖੇਤਾਂ 'ਚ ਫਸਲਾਂ ਦੀ ਸਿੰਚਾਈ ਹੁੰਦੀ ਹੈ। ਉਨ੍ਹਾਂ ਨੇ ਦੱਸਿਆ ਕਿ 15 ਦਿਨ ਪਹਿਲਾਂ ਨਿਰਮਲ ਦੇ ਕਰੀਬ 15 ਸਾਲਾ ਪੁੱਤਰ ਸੁਖਬੀਰ ਸਿੰਘ ਦਾ ਮੋਬਾਇਲ ਉਸੇ ਪਾਣੀ ਦੀ ਡਿੱਗੀ 'ਚ ਡਿੱਗ ਗਿਆ ਸੀ। ਉਸ ਸਮੇਂ ਉਨ੍ਹਾਂ ਨੇ ਮੋਬਾਇਲ ਕੱਢਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਪਰ ਬੀਤੀ ਸਵੇਰੇ ਕਰੀਬ 9 ਵਜੇ ਹੀ ਦੋਵੇਂ ਪਿਓ-ਪੁੱਤ ਪਿੰਡ ਦਲੀਆਂਵਾਲੀ ਤੋਂ ਸ਼ੇਰਗੜ੍ਹ ਪੁੱਜੇ ਅਤੇ ਸੁਖਬੀਰ ਸਿੰਘ ਨੇ ਨਿਰਮਲ ਸਿੰਘ ਨਾਲ ਮੋਬਾਇਲ ਕੱਢਣ ਲਈ ਗੱਲਬਾਤ ਕੀਤੀ। ਇਸ 'ਤੇ ਸੁਖਬੀਰ ਸਿੰਘ ਇਕ ਰੱਸੇ ਦੇ ਸਹਾਰੇ ਪ੍ਰਾਪਤ ਹੋਈ ਹੈ। ਇਸ ਘਟਨਾ ਦੀ ਸੂਚਨਾ ਮਿਲਦੇ ਹੀ ਥਾਣਾ ਖੂਈਆਂ ਸਰਵਰ ਪੁਲਸ ਨੇ ਦੋਹਾਂ ਦੀਆਂ ਲਾਸ਼ਾਂ ਨੂੰ ਸਰਕਾਰੀ ਹਸਪਤਾਲ ਪਹੁੰਚਾਇਆ। ਘਟਨਾ ਬਾਰੇ ਚਸ਼ਮਦੀਦਾਂ ਨੇ ਪੁਲਸ ਨੂੰ ਦੱਸਿਆ ਕਿ ਮੂਲਰੂਪ ਤੋਂ ਰਾਜਸਥਾਨ ਦੇ ਪਿੰਡ ਦਲੀਆਂਵਾਲੀ ਵਾਸੀ ਕਰੀਬ 45 ਸਾਲਾ ਨਿਰਮਲ ਸਿੰਘ ਪੁੱਤਰ ਗੁਰਜੀਤ ਸਿੰਘ ਅਬੋਹਰ ਦੀ ਪਿੰਡ ਸ਼ੇਰਗੜ੍ਹ 'ਚ 2 ਕਿਲ੍ਹੇ ਜਮੀਨ ਹੈ। ਇੱਥੇ ਫਸਲ ਦੀ ਦੇਖ-ਰੇਖ ਲਈ ਨਿਰਮਲ ਸਿੰਘ ਅਤੇ ਉਸ ਦਾ ਪੁੱਤਰ ਸੁਖਬੀਰ ਸਿੰਘ ਆਉਂਦੇ-ਜਾਂਦੇ ਰਹਿੰਦੇ ਹਨ। ਲੋਕਾਂ ਨੇ ਦੱਸਿਆ ਕਿ ਨਿਰਮਲ ਸਿੰਘ ਦੇ ਖੇਤ ਨੇੜੇ ਹੀ ਪਾਣੀ ਦੀ ਡਿੱਗੀ ਬਣੀ ਹੋਈ ਹੈ, ਜਿਸ ਨਾਲ ਖੇਤਾਂ 'ਚ ਫਸਲਾਂ ਦੀਪਾਣੀ ਦੀ ਡਿੱਗੀ 'ਚ ਉਤਰ ਗਿਆ, ਜਦੋਂ ਕਿ ਉਸ ਦੇ ਪਿਤਾ ਨਿਰਮਲ ਸਿੰਘ ਨੇ ਉੱਪਰ ਖੜ੍ਹੇ ਹੋ ਕੇ ਰੱਸਾ ਫੜ੍ਹਿਆ ਹੋਇਆ ਸੀ। ਲੋਕਾਂ ਨੇ ਦੱਸਿਆ ਕਿ ਮੋਬਾਇਲ ਦੀ ਭਾਲ ਕਰਦੇ ਹੋਏ ਸੁਖਬੀਰ ਸਿੰਘ ਡੂੰਘੇ ਪਾਣੀ ਅੰਦਰ ਵੜ ਗਿਆ ਅਤੇ ਸੰਤੁਲਨ ਵਿਗੜਨ ਕਾਰਨ ਉਸ ਦੇ ਹੱਥ ਤੋਂ ਰੱਸਾ ਛੁੱਟ ਗਿਆ ਪਰ ਪੁੱਤ ਨੂੰ ਬਚਾਉਣ ਦੇ ਚੱਕਰ ਪਿਓ ਨੇ ਵੀ ਪਾਣੀ 'ਚ ਛਾਲ ਮਾਰ ਦਿੱਤੀ ਅਤੇ ਉਹ ਵੀ ਖੁਦ ਨੂੰ ਬਚਾ ਨਹੀਂ ਸਕਿਆ ਅਤੇ ਦੋਵੇਂ ਪਿਓ-ਪੁੱਤ ਦੀ ਪਾਣੀ 'ਚ ਡੁੱਬਣ ਕਾਰਨ ਮੌਤ ਹੋ ਗਈ। ਘਟਨਾ ਦਾ ਪਤਾ ਲੱਗਦੇ ਹੀ ਆਸ-ਪਾਸ ਦੇ ਲੋਕ ਮੌਕੇ 'ਤੇ ਪੁੱਜੇ ਅਤੇ ਪੁਲਸ ਨੂੰ ਸੂਚਿਤ ਕੀਤਾ।

## ਕਸਟਮਰ ਕੇਅਰ 'ਤੇ ਕੀਤੀ ਕਾਲ, ਖਾਤੇ 'ਚੋਂ ਕੱਢਵਾ ਲਏ 89 ਹਜਾਰ

ਚੰਡੀਗੜ੍ਹ 28 ਸਤੰਬਰ। ਮੋਬਾਇਲ 'ਚ ਪਹਿਲਾਂ ਤੋਂ ਹੀ ਸੇਵ ਕਸਟਮਰ ਕੇਅਰ ਨੰਬਰ 'ਤੇ ਕਾਲ ਕਰ ਕੇ ਮਦਦ ਲੈਣਾ ਇਕ ਗਾਹਕ ਨੂੰ ਭਾਰੀ ਪੈ ਗਿਆ। ਕਸਟਮਰ ਕੇਅਰ ਨੰਬਰ 'ਤੇ ਗੱਲ ਕਰਨ ਵਾਲੇ ਵਿਅਕਤੀ ਨੇ ਝਾਂਸਾ ਦੇ ਕੇ ਖਾਤੇ ਵਿਚੋਂ 89 ਹਜ਼ਾਰ ਰੁਪਏ ਕੱਢਵਾ ਲਏ। ਪੁਲਸ ਨੇ ਮੁਲਜ਼ਮ ਖ਼ਿਲਾਫ਼ ਸ਼ਿਕਾਇਤ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਸ਼ਿਕਾਇਤਕਰਤਾ ਕਮਲਜੀਤ ਸਿੰਘ ਠਾਕੁਰ ਨੇ ਦੱਸਿਆ ਕਿ ਉਸਦਾ ਪੇ.




ਟੀ. ਐੱਮ. ਅਕਾਊਂਟ ਬੈਂਕ ਖਾਤੇ ਨਾਲ ਕੁਨੈਕਟ ਸੀ, ਜਿਸ ਨੂੰ ਆਪਰੇਟ ਕਰਨ ਲਈ ਦਿੱਕਤ ਆ ਰਹੀ ਸੀ। ਉਸ ਦੇ ਹੱਲ ਲਈ ਹੀ ਉਸ ਨੇ ਮੋਬਾਇਲ 'ਚ ਪਹਿਲਾਂ ਤੋਂ ਹੀ ਸੇਵ ਕਸਟਮਰ ਕੇਅਰ ਨੰਬਰ 'ਤੇ ਕਾਲ ਕੀਤੀ। ਉੱਥੋਂ ਜਵਾਬ ਦੇਣ ਵਾਲੇ ਵਿਅਕਤੀ ਨੇ ਖੁਦ ਨੂੰ ਕੰਪਨੀ ਦਾ ਨੁਮਾਇੰਦਾ ਦੱਸਿਆ ਤੇ ਖਾਤੇ ਨਾਲ ਸਬੰਧਿਤ ਜਰੂਰੀ ਜਾਣਕਾਰੀ ਮੰਗੀ। ਜਾਣਕਾਰੀ ਲੈਣ ਤੋਂ ਬਾਅਦ ਓ. ਟੀ. ਪੀ. ਨੰਬਰ ਤੱਕ ਲੈ ਲਿਆ। ਇਸ ਤੋਂ ਬਾਅਦ ਮੁਲਜ਼ਮ ਨੇ ਇਕ ਤੋਂ ਬਾਅਦ ਇਕ 4 ਟ੍ਰਾਂਜੈਕਸ਼ਨ ਕਰ ਕੇ ਖਾਤੇ ਵਿਚੋਂ 89 ਹਜ਼ਾਰ ਰੁਪਏ ਕੱਢਵਾ ਲਏ। ਇਸ ਦਾ ਪਤਾ ਲੱਗਣ 'ਤੇ ਪੁਲਸ ਨੂੰ ਸ਼ਿਕਾਇਤ ਦਿੱਤੀ। ਪੁਲਸ ਨੇ ਅਣਪਛਾਤੇ ਮੁਲਜ਼ਮ ਖ਼ਿਲਾਫ਼ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਆਪਸੀ ਵਿਵਾਦ ਨੂੰ ਲੈ ਕੇ ਟੀਚਰ ਨੇ ਧੀ ਅਤੇ ਖੁਦ ਨੂੰ ਮਾਰੀ ਗੋਲੀ, ਦੋਹਾਂ ਦੀ ਮੌਤ

ਕਾਸਗੰਜ 28 ਸਤੰਬਰ। ਉੱਤਰ ਪ੍ਰਦੇਸ਼ ਦੇ ਕਾਸਗੰਜ ਜ਼ਿਲ੍ਹੇ 'ਚ ਇਕ ਸਰਕਾਰੀ ਸਕੂਲ 'ਚ ਤਾਇਨਾਤ ਅਧਿਆਪਕ ਨੇ ਐਤਵਾਰ ਨੂੰ ਆਪਸੀ ਵਿਵਾਦ 'ਚ ਲਾਇਸੈਂਸੀ ਰਾਈਫਲ ਨਾਲ ਗੋਲੀ ਮਾਰ ਕੇ ਆਪਣੀ ਧੀ ਦਾ ਕਤਲ ਕਰਨ ਤੋਂ ਬਾਅਦ ਖੁਦਕੁਸ਼ੀ ਕਰ ਲਈ। ਪੁਲਸ ਸੂਤਰਾਂ ਨੇ ਐਤਵਾਰ ਨੂੰ ਇੱਥੇ ਦੱਸਿਆ ਕਿ ਸਦਰ ਕੋਤਵਾਲੀ ਖੇਤਰ ਦੇ ਰਿਹਾਇਸ਼ ਵਿਕਾਸ ਕਾਲੋਨੀ ਵਾਸੀ ਅਤੇ ਨਗਰੀਆ ਕਸਬੇ 'ਚ ਸਥਿਤ ਜੋਸ਼ੇਰਵਾਨੀ ਕਾਲਜ 'ਚ ਲੈਕਚਰਰ ਦੇ ਅਹੁਦੇ 'ਤੇ ਤਾਇਨਾਤ ਨਰੇਂਦਰ ਸਿੰਘ ਯਾਦਵ ਦਾ



ਐਤਵਾਰ ਦੁਪਹਿਰ ਆਪਣੀ ਧੀ ਜੂਹੀ ਨਾਲ ਕਿਸੇ ਗੱਲ ਨੂੰ ਲੈ ਕੇ ਝਗੜਾ ਹੋ ਗਿਆ ਸੀ। ਇਸ ਦੌਰਾਨ ਗੁੱਸੇ 'ਚ ਯਾਦਵ ਨੇ ਆਪਣੀ ਲਾਇਸੈਂਸੀ ਰਾਈਫਲ ਨਾਲ ਜੂਹੀ ਨੂੰ ਗੋਲੀ ਮਾਰ ਦਿੱਤੀ ਅਤੇ ਬਾਅਦ 'ਚ ਖੁਦ ਨੂੰ ਵੀ ਗੋਲੀ ਮਾਰ ਲਈ। ਉਨ੍ਹਾਂ ਦੱਸਿਆ ਕਿ ਨੇੜੇ-ਤੇੜੇ ਮੌਜੂਦ ਲੋਕ ਗੋਲੀ ਚੱਲਣ ਦੀ ਆਵਾਜ ਸੁਣ ਕੇ ਘਰ ਪਹੁੰਚੇ ਤਾਂ ਯਾਦਵ ਅਤੇ ਜੂਹੀ ਖੂਨ ਨਾਲ ਲੱਥਪੱਥ ਜਮੀਨ 'ਤੇ ਪਏ ਮਿਲੇ। ਦੋਹਾਂ ਨੂੰ ਤੁਰੰਤ ਜ਼ਿਲ੍ਹਾ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਸੂਚਨਾ ਮਿਲਣ 'ਤੇ ਪੁਲਸ ਸੁਪਰਡੈਂਟ ਸੌਰਭ ਦੀਕਸ਼ਤ ਸਮੇਤ ਸੀਨੀਅਰ ਅਧਿਕਾਰੀ ਮੌਕੇ 'ਤੇ ਪਹੁੰਚੇ। ਪੁਲਸ ਨੇ ਦੋਵੇਂ ਲਾਸ਼ਾਂ ਕਬਜੇ 'ਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤੀਆਂ ਹਨ। ਜੂਹੀ ਵੀ ਨਗਰੀਆ ਖੇਤਰ 'ਚ ਹੀ ਸਥਿਤ ਇਕ ਪ੍ਰਾਇਮਰੀ ਸਕੂਲ 'ਚ ਅਧਿਆਪਕਾ ਸੀ।

# ਹਾਦਸੇ 'ਚ ਗਈ ਦਾਦੇ ਦੀ ਜਾਨ, 23 ਸਾਲਾ ਪੋਤੀ ਨੇ ਸੜਕ ਸੁਰੱਖਿਆ 'ਤੇ ਸ਼ੁਰੂ ਕੀਤੀ ਇਹ ਅਨੋਖੀ ਮੁਹਿੰਮ

ਲਖਨਊ 28 ਸਤੰਬਰ। 23 ਸਾਲਾ ਖੁਸ਼ੀ ਪਾਂਡੇ ਨੇ ਆਪਣੇ ਦਾਦੇ ਦੀ ਸੜਕ ਹਾਦਸੇ 'ਚ ਮੌਤ ਤੋਂ ਬਾਅਦ ਸੜਕ 'ਤੇ ਸਾਈਕਲ ਚਲਾਉਣ ਵਾਲਿਆਂ ਦੀ ਜਾਨ ਬਚਾਉਣ ਲਈ ਇਕ ਮੁਹਿੰਮ ਸ਼ੁਰੂ ਕੀਤੀ। ਉੱਤਰ ਪ੍ਰਦੇਸ਼ ਦੇ ਲਖਨਊ ਜ਼ਿਲ੍ਹੇ ਦੇ ਆਸ਼ਿਆਨਾ ਦੀ ਰਹਿਣ ਵਾਲੀ ਖੁਸ਼ੀ ਪਾਂਡੇ ਸੜਕ 'ਤੇ ਆਉਣ ਵਾਲੇ ਹਰੇਕ ਸਾਈਕਲ ਚਾਲਕ ਨੂੰ ਮੁਫ਼ਤ 'ਚ ਰਿਫਲੈਕਟਿਵ ਲਾਲ ਬੱਤੀ ਪ੍ਰਦਾਨ ਕਰ ਰਹੀ ਹੈ ਤਾਂ ਕਿ ਰਾਤ ਨੂੰ ਹਾਦਸੇ ਦਾ ਸ਼ਿਕਾਰ ਨਾ ਹੋਣ। ਖੁਸ਼ੀ ਪਾਂਡੇ ਨੇ ਕਿਹਾ,"ਜਿਸ ਤਰ੍ਹਾਂ ਨਾਲ ਅਸੀਂ ਆਪਣੇ ਦਾਦੇ ਨੂੰ ਗੁਆਇਆ ਹੈ ਮੈਂ ਨਹੀਂ ਚਾਹੁੰਦੀ ਕਿ ਕੋਈ ਵੀ ਪਰਿਵਾਰ ਆਪਣੇ ਪ੍ਰਿਯ ਮੈਂਬਰ ਨੂੰ ਗੁਆਏ।" ਖੁਸ਼ੀ ਨੇ ਇਸ ਕੈਂਪੇਨ ਨੂੰ ਮਿਸ਼ਨ ਉਜਾਲਾ ਨਾਮ ਦਿੱਤਾ ਹੈ। ਅੱਜ ਮਿਸ਼ਨ ਉਜਾਲਾ ਦੇ ਅਧੀਨ ਸਾਈਕਲ 'ਚ ਰੋਸ਼ਨੀ ਦੇ ਨਾਲ-ਨਾਲ ਟਰੈਕਟਰ,




ਆਟੋ ਰਿਕਸ਼ਾ ਅਤੇ ਬੈਟਰੀ ਰਿਕਸ਼ਾ 'ਚ ਵੀ ਰਿਫਲੈਕਟਿਵ ਲਾਈਟ ਸਟਿਕਰ ਲਗਾਏ ਜਾ ਰਹੇ ਹਨ। ਭਾਵੇਂ ਹੀ ਖੁਸ਼ੀ ਨੇ ਇਕੱਲੇ ਪਹਿਲ ਕੀਤੀ ਪਰ ਹੁਣ ਉਸ ਦੇ ਕੰਮ 'ਚ ਮਦਦ ਅਤੇ ਸਮਰਥਨ ਕਰਨ ਲਈ ਸਵੈ-ਸੇਵਕਾਂ ਦੀ ਇਕ ਚੰਗੀ ਟੀਮ ਹੈ। ਟੀਮ ਲਖਨਊ ਅਤੇ ਨੇੜੇ-ਤੇੜੇ ਦੇ ਜ਼ਿਲ੍ਹਿਆਂ 'ਚ ਸਾਈਕਲ 'ਚ 1500 ਤੋਂ ਵੱਧ ਬੈਕ ਰੈਡ ਲਾਈਟ ਲਗਾਉਣ 'ਚ ਸਮਰੱਥ ਸੀ। ਖੁਸ਼ੀ ਨੇ ਕਿਹਾ,"ਇਸ ਨੂੰ ਕਾਨੂੰਨ ਰਾਹੀਂ ਮਨਜ਼ੂਰ ਕੀਤਾ ਜਾਣਾ ਚਾਹੀਦਾ ਤਾਂ ਕਿ ਸਾਰੀਆਂ ਸਾਈਕਲਾਂ 'ਚ ਪਹਿਲਾਂ ਤੋਂ ਹੀ ਹੋਰ ਵਾਹਨਾਂ ਦੀ ਤਰ੍ਹਾਂ ਅਜਿਹੀਆਂ ਲਾਈਟਾਂ ਲੱਗੀਆਂ ਹੋਣ। ਨਾਲ ਹੀ ਇਸ ਦੀ ਉਲੰਘਣਾ ਕਰਨ ਵਾਲੇ ਨੂੰ ਮੋਟਰ ਵਾਹਨ ਐਕਟ ਦੇ ਅਧੀਨ ਜੁਰਮਾਨਾ ਲਗਾਇਆ ਜਾਣਾ ਚਾਹੀਦਾ। ਜੇਕਰ ਸਾਈਕਲਾਂ ਲਈ ਅਜਿਹਾ ਕੀਤਾ ਜਾਂਦਾ ਹੈ ਤਾਂ ਅਸੀਂ ਇਕ ਹੱਦ ਤੱਕ ਸਮੱਸਿਆ ਛੁਟਕਾਰਾ ਪਾ ਸਕਦੇ ਹਾਂ। ਉਦੇਸ਼ ਸੜਕ ਸੁਰੱਖਿਆ ਬਣਾਉਣਾ ਹੈ

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**"ਮਹਾਰਿਸ਼ੀ ਵਾਲਮੀਕੀ ਜਯੰਤੀ ਸਮਾਰੋਹ ਲਈ ਆਵੇਦਨ ਪੱਤਰ"**

ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ ਵਲੋਂ ਮਹਾਰਿਸ਼ੀ ਵਾਲਮੀਕੀ ਜੀ ਦੀ ਜਯੰਤੀ 'ਤੇ ਮਿਤੀ 17/10/2024 ਨੂੰ ਆਯੋਜਿਤ ਹੋਣ ਵਾਲੇ "ਪ੍ਰਤਿਸ਼ਠਿਤ ਵਿਅਕਤੀਆਂ ਦੀ ਜਯੰਤੀ/ਪੁੰਨਤਿਥੀ" ਸਮਾਰੋਹ ਯੋਜਨਾ ਦੇ ਤਹਿਤ ਆਵੇਦਨ ਆਮੰਤ੍ਰਿਤ ਕੀਤੇ ਜਾਂਦੇ ਹਨ।

ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ ਦੇ ਇਛੁੱਕ ਸੰਗਠਨਾਂ/ਸੰਸਥਾਵਾਂ ਨੂੰ ਆਯੋਜਨ ਦੇ ਲਈ ਟੇਂਟ, ਧਵਨੀ ਪ੍ਰਣਾਲੀ, ਪ੍ਰਕਾਸ਼ ਵਿਵਸਥਾ, ਬੈਨਰ ਕੁਰਸੀ ਆਦਿ ਦੀ ਵਿਵਸਥਾ ਲਈ ਸੂਚੀਬੱਧ ਟੇਂਟ ਏਜੰਸੀਆਂ ਦੇ ਮਾਧਿਅਮ ਤੋਂ ਚੁਣੀਆਂ ਸੰਸਥਾਵਾਂ ਨੂੰ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।

ਆਵੇਦਨ ਪੱਤਰ ਮਿਤੀ 09/10/2024 (ਬੁੱਧਵਾਰ) ਸ਼ਾਮ 6.00 ਵਜੇ ਤਕ ਵਿਭਾਗ ਨੇ ਹੇਠਾਂ ਦਿੱਤੇ ਗਏ ਪਤੇ 'ਤੇ ਪ੍ਰਾਪਤ ਕੀਤੇ ਜਾਣਗੇ। ਇਸਦੇ ਬਾਦ ਪ੍ਰਾਪਤ ਆਵੇਦਨਾਂ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

ਪਾਤ੍ਰਤਾ 'ਤੇ ਆਵੇਦਨ ਕਰਨ ਦੀ ਪ੍ਰਕ੍ਰਿਆ ਵਿਭਾਗ ਦੀ ਵੇਬਸਾਈਟ https://scstwelfare.delhi.gov.in 'ਤੇ ਉਪਲਬਧ ਹੈ।

ਅਨੁਸੂਚਿਤ ਜਾਤਿ/ਅਨੁਸੂਚਿਤ ਜਨਜਾਤਿ/
ਹੋਰ ਪਿਛੜਾ ਵਰਗ ਕਲਿਆਣ ਵਿਭਾਗ,
ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ
ਬੀ-ਬਲਾਕ, ਦੂਜੀ ਮੰਜਿਲ, ਵਿਕਾਸ ਭਵਨ,
ਆਈ.ਪੀ. ਏਸਟੇਟ, ਨਵੀਂ ਦਿੱਲੀ-110002

DIP/Shabdarth/Classified/0206/24-25

# ਡਾ. ਬਲਬੀਰ ਸਿੰਘ ਨੇ ਪਿੰਡ ਲੰਗ ਤੇ ਮਾਜਰੀ ਅਕਾਲੀਆਂ ਵਿਖੇ 1 ਕਰੋੜ ਰੁਪਏ ਨਾਲ ਹੋਏ ਵਿਕਾਸ ਕਾਰਜਾਂ ਦਾ ਕੀਤਾ ਉਦਘਾਟਨ



**ਪਟਿਆਲਾ, 28 ਸਤੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਪਟਿਆਲਾ ਜ਼ਿਲ੍ਹੇ ਦੇ ਪਿੰਡ ਲੰਗ ਤੇ ਮਾਜਰੀ ਅਕਾਲੀਆਂ ਵਿਖੇ ਕਰੀਬ ਇਕ ਕਰੋੜ ਰੁਪਏ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕਰਕੇ ਦੋਵੇਂ ਪਿੰਡਾਂ 'ਚ ਨਵੇਂ ਬਣੇ ਪੰਚਾਇਤ ਘਰ ਪਿੰਡ ਵਾਸੀਆਂ ਨੂੰ ਸਮਰਪਿਤ ਕੀਤੇ। ਇਸ ਮੌਕੇ ਉਨ੍ਹਾਂ ਪਿੰਡ ਲੰਗ ਵਿਖੇ ਸੂਬੇ ਅੰਦਰ ਗਿੱਲੇ ਕੂੜੇ ਨੂੰ ਖਾਦ 'ਚ ਬਦਲਣ ਵਾਲੀ ਪਹਿਲੀ ਅਤਿ ਆਧੁਨਿਕ ਮਸ਼ੀਨ ਵਾਲੇ ਬਾਇਓ ਕੰਪੋਸਟਰ ਪਲਾਂਟ ਦਾ ਉਦਘਾਟਨ ਵੀ ਕੀਤਾ।

ਡਾ. ਬਲਬੀਰ ਸਿੰਘ ਨੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ 'ਚ ਪੰਜਾਬ ਸਰਕਾਰ ਸੂਬੇ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪਿੰਡ ਮਾਜਰੀ ਅਕਾਲੀਆਂ ਵਿਖੇ ਕਰੀਬ 40 ਲੱਖ ਰੁਪਏ ਦੀ ਲਾਗਤ ਨਾਲ ਪੰਚਾਇਤ ਘਰ ਦਾ ਨਿਰਮਾਣ ਕੀਤਾ ਗਿਆ ਹੈ ਜਦਕਿ ਪਿੰਡ ਲੰਗ ਵਿਖੇ 52 ਲੱਖ ਰੁਪਏ ਦੀ ਲਾਗਤ ਨਾਲ ਬਣੇ ਪੰਚਾਇਤ ਘਰ ਨੂੰ ਲੋਕਾਂ ਨੂੰ ਸਮਰਪਿਤ ਕੀਤਾ। ਇਸ ਤੋਂ ਬਿਨਾਂ ਸਵੱਛ ਭਾਰਤ ਮੁਹਿੰਮ ਤਹਿਤ ਸਵੱਛਤਾ ਹੀ ਸੇਵਾ ਅਧੀਨ ਗਿੱਲੇ ਤੇ ਸੁੱਕੇ ਕੂੜੇ ਵੱਖ ਵੱਖ ਕਰਨ ਲਈ ਨਿਵੇਕਲੀ ਪਹਿਲ ਤਹਿਤ 6 ਲੱਖ ਰੁਪਏ ਦੀ ਲਾਗਤ ਨਾਲ ਆਟੋਮੈਟਿਕ ਬਾਇਓ ਕੰਪੋਸਟਰ ਪਲਾਂਟ ਲਗਾਇਆ ਗਿਆ ਹੈ ਜੋ ਸੂਬੇ ਦਾ ਪਹਿਲਾਂ ਪਲਾਂਟ ਹੈ ਜੋ ਗਿੱਲੇ ਕੂੜੇ ਦੀ 24 ਘੰਟੇ ਦੇ ਅੰਦਰ-ਅੰਦਰ ਹੀ ਖਾਦ ਬਣਾ ਦਿੰਦਾ ਹੈ। ਇਸ ਤੋਂ ਇਲਾਵਾ 7 ਲੱਖ ਰੁਪਏ ਦੀ ਲਾਗਤ ਨਾਲ ਸ਼ੈੱਡ ਵੀ ਪਾਇਆ ਗਿਆ ਹੈ।

ਉਨ੍ਹਾਂ ਦੱਸਿਆ ਕਿ ਪਿੰਡ ਲੰਗ ਦੇ ਛੱਪੜ ਦੇ ਨਵੀਨੀਕਰਨ ਸਮੇਤ ਇਸ ਦੇ ਪਾਣੀ ਦੀ ਵਰਤੋਂ ਖੇਤੀ ਵਿੱਚ ਕਰਨ ਲਈ ਵੀ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਟਿਆਲਾ ਦਿਹਾਤੀ ਦੇ ਸਾਰੇ 60 ਪਿੰਡਾਂ ਦੇ ਛੱਪੜਾਂ ਦਾ ਨਵੀਨੀਕਰਨ ਕੀਤਾ ਜਾਵੇਗਾ ਅਤੇ ਛੱਪੜਾਂ ਦੇ ਪਾਣੀ ਦੀ ਵਰਤੋਂ ਖੇਤੀ ਲਈ ਕੀਤੀ ਜਾਵੇਗੀ, ਇਸ ਨਾਲ ਜਿਥੇ ਜ਼ਮੀਨ ਹੇਠਲੇ ਪਾਣੀ ਦੀ ਵਰਤੋਂ ਘੱਟ ਹੋਵੇਗੀ, ਉਥੇ ਹੀ ਛੱਪੜਾਂ ਦਾ ਪਾਣੀ ਵੀ ਸਾਫ਼ ਰਹੇਗਾ।

ਡਾ. ਬਲਬੀਰ ਸਿੰਘ ਨੇ ਪਿੰਡ ਵਾਸੀਆਂ ਨੂੰ ਪੰਚਾਇਤ ਸਰਬਸੰਮਤੀ ਨਾਲ ਚੁਨਣ ਦਾ ਸੱਦਾ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਰਬਸੰਮਤੀ ਨਾਲ ਪੰਚਾਇਤ ਚੁਨਣ ਵਾਲੇ ਪਿੰਡਾਂ ਨੂੰ 5 ਲੱਖ ਰੁਪਏ ਦੀ ਗਰਾਂਟ ਦਿੱਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਜਿਹੜੇ ਪਟਿਆਲਾ ਦਿਹਾਤੀ ਹਲਕੇ ਦੇ ਪਿੰਡ ਸਰਬਸੰਮਤੀ ਨਾਲ ਪੰਚਾਇਤ ਚੁਨਣਗੇ, ਉਨ੍ਹਾਂ ਨੂੰ ਉਹ 5 ਲੱਖ ਰੁਪਏ ਆਪਣੇ ਅਖਤਿਆਰੀ ਫ਼ੰਡ ਵਿੱਚੋਂ ਦੇਣਗੇ ਅਤੇ ਇਹ 10 ਲੱਖ ਰੁਪਇਆ ਪਿੰਡ ਦੇ ਵਿਕਾਸ ਦੇ ਕੰਮ ਆਵੇਗਾ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਡਾ. ਹਰਜਿੰਦਰ ਸਿੰਘ ਬੇਦੀ, ਐਸ.ਡੀ.ਐਮ. ਡਾ. ਇਸਮਿਤ ਵਿਜੈ ਸਿੰਘ, ਕਰਨਲ ਜੇ.ਵੀ ਸਿੰਘ, ਜਸਬੀਰ ਸਿੰਘ ਗਾਂਧੀ, ਜਗਦੀਪ ਸਿੰਘ ਧੰਗੇੜਾ, ਹਰਜੀਤ ਸਿੰਘ ਕੈਦੂਪੁਰ ਸਮੇਤ ਵੱਡੀ ਗਿਣਤੀ ਪਿੰਡ ਵਾਸੀ ਮੌਜੂਦ ਸਨ।

## 27 ਸਤੰਬਰ ਨੂੰ ਮਨਾਇਆ ਜਾਵੇਗਾ ਵਿਸ਼ਵ ਟੂਰੀਜ਼ਮ ਦਿਵਸ

# 27 ਤੋਂ 29 ਸਤੰਬਰ ਤੱਕ ਪਟਿਆਲਾ ਦੀਆਂ ਵਿਰਾਸਤੀ ਇਮਾਰਤਾਂ ਰੰਗ ਬਰੰਗੀਆਂ ਲਾਇਟਾਂ ਨਾਲ ਚਮਕਣਗੀਆਂ



**ਪਟਿਆਲਾ, 28 ਸਤੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਵਧੀਕ ਡਿਪਟੀ ਕਮਿਸ਼ਨਰ ਈਸ਼ਾ ਸਿੰਗਲ ਦੀ ਅਗਵਾਈ ਹੇਠ ਅੱਜ ਵਿਸ਼ਵ ਟੂਰੀਜ਼ਮ ਦਿਵਸ ਮਨਾਉਣ ਸਬੰਧੀ ਇਕ ਮੀਟਿੰਗ ਕੀਤੀ ਗਈ। ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਵਿਸ਼ਵ ਟੂਰੀਜ਼ਮ ਦਿਵਸ 27 ਸਤੰਬਰ ਨੂੰ ਮਨਾਇਆ ਜਾ ਰਿਹਾ ਹੈ। ਮੀਟਿੰਗ ਵਿੱਚ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ।

ਵਧੀਕ ਡਿਪਟੀ ਕਮਿਸ਼ਨਰ ਈਸ਼ਾ ਸਿੰਗਲ ਨੇ ਜ਼ਿਲ੍ਹਾ ਪਟਿਆਲਾ ਵਿਖੇ ਸਥਿਤ ਵਿਰਾਸਤੀ ਥਾਵਾਂ (ਕਿਲ੍ਹਾ ਮੁਬਾਰਕ, ਸ਼ੀਸ਼ ਮਹਿਲ ਆਦਿ) ਦੇ ਆਲੇ ਦੁਆਲੇ ਸਾਫ ਸਫਾਈ ਮੁਹਿੰਮ ਅਭਿਆਨ ਚਲਾਉਣ ਦੀ ਹਦਾਇਤ ਦਿੱਤੀ। ਉਹਨਾ ਨੇ ਕਿਲ੍ਹਾ ਮੁਬਾਰਕ ਅਤੇ ਸ਼ੀਸ਼ ਮਹਿਲ ਦੇ ਇੰਚਾਰਜ ਨੂੰ ਮਿਤੀ 27 ਸਤੰਬਰ ਤੋਂ 29 ਸਤੰਬਰ ਤੱਕ ਵਿਰਾਸਤੀ ਇਮਾਰਤਾਂ ਅਤੇ ਮਿਊਜ਼ੀਅਮ ਵਿਖੇ ਰਾਤ ਸਮੇਂ ਰੋਸ਼ਨੀਆਂ ਨਾਲ ਚਮਕਾਉਣ ਲਈ ਕਿਹਾ ਗਿਆ।

ਇਸ ਤੋਂ ਇਲਾਵਾ ਸੈਰ ਸਪਾਟਾ ਵਿਭਾਗ ਦੇ ਅਧਿਕਾਰੀਆਂ ਨੂੰ ਜ਼ਿਲ੍ਹਾ ਖੇਡ ਅਫਸਰ ਅਤੇ ਪੰਜਾਬੀ ਯੂਨੀਵਰਸਿਟੀ ਨਾਲ ਤਾਲਮੇਲ ਕਰਕੇ ਹੈਰੀਟੇਜ ਵਾੱਕ ਕਰਵਾਉਣ ਦੀ ਹਦਾਇਤ ਦਿੱਤੀ ਗਈ । ਉਹਨ੍ਹਾਂ ਵੱਲੋਂ ਜ਼ਿਲ੍ਹਾ ਪਟਿਆਲਾ ਦੇ ਸਕੂਲੀ ਬੱਚਿਆਂ ਦੇ ਪੇਟਿੰਗ/ਕਵਿਤਾ/ਲੇਖ ਸਬੰਧੀ ਪ੍ਰਤੀਯੋਗਤਾ ਕਰਵਾਉਣ ਲਈ ਜ਼ਿਲ੍ਹਾ ਸਿਖਿਆ ਅਫਸਰ (ਸੀ:ਸੈ:) ਨੂੰ ਹਦਾਇਤ ਵੀ ਕੀਤੀ ਗਈ।

ਈਸ਼ਾ ਸਿੰਗਲ ਨੇ ਹੈਰੀਟੇਜ਼ ਬਿਲਡਿੰਗਾਂ ਅਤੇ ਮਿਊਜ਼ੀਅਮ ਵਿੱਚ ਲਾਇਟਨਿੰਗ ਦੇ ਪ੍ਰਬੰਧਾਂ ਦਾ ਨਿਰੀਖਣ ਕਰਨ ਲਈ ਤਹਿਸੀਲਦਾਰ ਕੁਲਦੀਪ ਸਿੰਘ ਪਟਿਆਲਾ ਦੀ ਡਿਊਟੀ ਲਗਾਈ । ਮੀਟਿੰਗ ਵਿੱਚ ਜ਼ਿਲ੍ਹਾ ਯਾਤਰਾ ਅਫਸਰ ਹਰਦੀਪ ਸਿੰਘ , ਜ਼ਿਲ੍ਹਾ ਸਿਖਿਆ ਅਫਸਰ ਸੰਜੀਵ ਸ਼ਰਮਾ , ਜ਼ਿਲ੍ਹਾ ਖੇਡ ਅਫਸਰ ਹਰਪਿੰਦਰ ਸਿੰਘ , ਪੰਜਾਬੀ ਯੂਨੀਵਰਸਿਟੀ (ਟੂਰੀਜ਼ਮ ਵਿਭਾਗ) ਪਟਿਆਲਾ ਤੋਂ ਡਾ: ਪਰਮਿੰਦਰ ਸਿੰਘ ਢਿਲੋਂ, ਜ਼ਿਲ੍ਹਾ ਟੀਕਾਕਰਨ ਅਫਸਰ, ਕੁਸ਼ਲਦੀਪ ਕੌਰ ਗਿੱਲ , ਡਾ: ਨਵਿੰਦਰ ਸਿੰਘ ਮੈਡੀਕਲ ਹੈਲਥ ਅਫਸਰ ਤੋ ਇਲਾਵਾ ਹੋਰ ਅਧਿਕਾਰੀ ਵੀ ਸ਼ਾਮਲ ਸਨ।

# ਸਟੇਟ ਕਾਲਜ ਆਫ਼ ਐਜੂਕੇਸ਼ਨ ਵਿਖੇ ਸਵੱਛਤਾ ਹੀ ਸੇਵਾ ਮੁਹਿੰਮ ਤਹਿਤ ਨੁੱਕੜ ਨਾਟਕ ਖੇਡਿਆ ਗਿਆ



**ਪਟਿਆਲਾ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਗੌਰਮਿੰਟ (ਸਟੇਟ) ਕਾਲਜ ਆਫ਼ ਐਜੂਕੇਸ਼ਲ, ਪਟਿਆਲਾ ਵਿਖੇ ਪ੍ਰਿੰਸੀਪਲ ਡਾ. ਦਪਿੰਦਰ ਕੌਰ ਦੀ ਅਗਵਾਈ ਹੇਠ ਸਵੱਛਤਾ ਹੀ ਸੇਵਾ ਮੁਹਿੰਮ ਤਹਿਤ ਐਨ.ਐਸ.ਐਸ. ਅਤੇ ਸਵੱਛਤਾ ਕਲੱਬ ਵੱਲੋਂ ਨੌਰਥ ਜੋ ਕਲਚਰਲ ਸੈਂਟਰ ਅਤੇ ਨਟਰਾਜ ਆਰਟ ਥਿਏਟਰ ਵੱਲੋਂ ਨੁੱਕੜ ਨਾਟਕ ਅਬ ਤੋਂ ਸੁਧਰੋ ਯਾਰੋ ਖੇਡਿਆ ਗਿਆ। ਇਸ ਵਿੱਚ ਵਿਦਿਆਰਥੀਆਂ ਨੂੰ ਵਾਤਾਵਰਨ ਨੂੰ ਸੰਭਾਲਣ ਦਾ ਸੰਦੇਸ਼ ਦਿੱਤਾ ਗਿਆ ਅਤੇ ਸਹੁੰ ਚੁੱਕਾਈ ਗਈ। ਇਸ ਮੌਕੇ ਵਿਦਿਆਰਥੀਆਂ ਵੱਲੋਂ ਕਾਲਜ ਦੀ ਸਫ਼ਾਈ ਵੀ ਕੀਤੀ ਗਈ। ਇਸ ਅਵਸਰ ਤੇ ਗਿਆਨ ਜੋਤੀ ਸੰਸਥਾ ਵੱਲੋਂ ਨਾਨਕ ਬਗੀਚੀ ਵਿੱਚ ਔਸ਼ਧੀ ਪੌਦੇ ਲਗਾਏ ਗਏ। ਪ੍ਰਿੰਸੀਪਲ ਡਾ. ਦਪਿੰਦਰ ਕੌਰ ਵੱਲੋਂ ਇਸ ਨਾਟਕ ਦੁਆਰਾ ਵਿਦਿਆਰਥੀਆਂ ਨੂੰ ਸਵੱਛਤਾ ਦਾ ਸੰਦੇਸ਼ ਦੇਣ ਲਈ ਸ਼ਲਾਘਾ ਕੀਤੀ ਗਈ ਅਤੇ ਉਨ੍ਹਾਂ ਨੂੰ ਪੌਦਿਆਂ ਅਤੇ ਵਾਤਾਵਰਨ ਦੀ ਸੰਭਾਲ ਕਰਨ ਲਈ ਉਤਸ਼ਾਹਿਤ ਕੀਤਾ ਗਿਆ। ਸਵੱਛਤਾ ਕਲੱਬ ਇੰਚਾਰਜ, ਡਾ. ਯੋਗਿਤਾ ਸਾਰਵਾਲ ਅਤੇ ਕਾਲਜ ਲਾਇਬ੍ਰੇਰੀਅਨ, ਸ਼੍ਰੀ ਰੁਪਿੰਦਰ ਸਿੰਘ ਵਲੋਂ ਧੰਨਵਾਦੀ ਸ਼ਬਦ ਕਹੇ ਗਏ।

ਇਸ ਮੌਕੇ ਨਟਰਾਜ ਆਰਟ ਥਿਏਟਰ ਗਰੁੱਪ ਅਤੇ ਨੌਰਥ ਜੋ ਕਲਚਰਲ ਸੈਂਟਰ ਵਲੋਂ ਸ਼੍ਰੀ ਗੋਪਾਲ ਸ਼ਰਮਾ, ਹਾਰਦਿਕ, ਸਿਕੰਦਰ, ਨਿਰਮਲ ਸਿੰਘ, ਬਲਜੀਤ ਸਿੰਘ, ਗਿਆਨ ਜੋਤੀ ਸੁਸਾਇਟੀ ਵਲੋਂ ਸ. ਉਪਕਾਰ ਸਿੰਘ, ਸੁਖਵਿੰਦਰ ਕਲੇਰ, ਚਰਨਪਾਲ ਸਿੰਘ, ਗੁਰਮੀਤ ਸਿੰਘ ਅਤੇ ਰਮੇਸ਼ ਧੀਮਾਨ ਮੌਜੂਦ ਰਹੇ। ਇਸ ਪ੍ਰੋਗਰਾਮ ਵਿੱਚ ਕਾਲਜ ਦਾ ਸਮੂਹ ਸਟਾਫ਼ ਅਤੇ ਵਿਦਿਆਰਥੀ ਮੌਜੂਦ ਰਹੇ।

# ਲੋਕਾਂ ਦੇ ਗੁੰਮ ਹੋਏ 30 ਮੋਬਾਈਲ ਫੋਨ ਪੁਲਸ ਨੇ ਟਰੇਸ ਕਰ ਕੇ ਅਸਲੀ ਮਾਲਕਾਂ ਨੂੰ ਕੀਤੇ ਸਪੁਰਦ



**ਮਲੇਰਕੋਟਲਾ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਲੇਰਕੋਟਲਾ ਜ਼ਿਲੇ ਦੇ ਐੱਸ. ਐੱਸ. ਪੀ. ਗਗਨ ਅਜੀਤ ਸਿੰਘ ਵੱਲੋਂ ਲੋਕਾਂ ਨੂੰ ਸ਼ਾਨਾਮਤੀ ਪੁਲਸ ਸੇਵਾਵਾਂ ਮੁਹੱਈਆ ਕਰਵਾ ਕੇ ਆਏ ਦਿਨ ਲੋਕਾਂ ਦੇ ਦਿਲ ਜਿੱਤਣ ਵਾਲੇ ਕੀਤੇ ਜਾ ਰਹੇ ਉਪਰਾਲਿਆਂ ਦੀ ਲੜੀ 'ਚ ਅੱਜ ਉਸ ਸਮੇਂ ਇਕ ਹੋਰ ਕੰਮ ਜੁੜ ਗਿਆ ਹੈ।

ਐੱਸ. ਐੱਸ.ਪੀ. ਸਾਹਿਬ ਦੇ ਨਿਰਦੇਸ਼ਾਂ 'ਤੇ ਮਾਲੇਰਕੋਟਲਾ ਜ਼ਿਲਾ ਪੁਲਸ ਨੇ ਪੰਜ ਦਿਨ ਪਹਿਲਾਂ ਵੱਖ-ਵੱਖ ਥਾਣਿਆਂ 'ਚ ਦਰਜ ਮੁਕੱਦਮਿਆਂ ਅਧੀਨ ਕਬਜ਼ੇ 'ਚ ਲਏ ਗਏ ਦੋ ਪਹੀਆ ਤੇ ਚਾਰ ਪਹੀਆ ਵਹੀਕਲਾਂ ਨੂੰ ਅਦਾਲਤੀ ਕਾਰਵਾਈ ਮੁਕੰਮਲ ਕਰ ਕੇ ਉਕਤ ਵਹੀਕਲਾਂ ਦੇ ਅਸਲੀ ਮਾਲਕਾਂ ਨੂੰ ਬੁਲਾ ਕੇ ਉਨ੍ਹਾਂ ਦੇ ਵਹੀਕਲ ਸਪੁਰਦ ਕੀਤੇ ਸਨ।

ਠੀਕ ਉਸੇ ਤਰ੍ਹਾਂ ਹੁਣ ਥਾਣਾ ਸਾਈਬਰ ਕ੍ਰਾਈਮ ਮਾਲੇਰਕੋਟਲਾ ਦੇ ਇੰਚਾਰਜ ਇੰਸਪੈਕਟਰ ਮਨਪ੍ਰੀਤ ਸਿੰਘ ਨੇ ਆਪਣੀ ਸਾਈਬਰ ਟੀਮ ਨਾਲ ਮਿਲ ਕੇ ਮਾਲੇਰਕੋਟਲਾ ਜ਼ਿਲੇ ਨਾਲ ਸਬੰਧਤ ਲੋਕਾਂ ਦੇ ਗੁੰਮ ਹੋਏ ਜਾਂ ਕਿਸੇ ਮਾੜੇ ਅਨਸਰ ਵੱਲੋਂ ਖੋਹੇ ਗਏ ਮੋਬਾਈਲ ਫੋਨ ਟਰੇਸ ਕਰ ਕੇ ਬਰਾਮਦ ਕਰਨ ਉਪਰੰਤ ਉਕਤ ਮੋਬਾਈਲਾਂ ਦੇ ਅਸਲੀ ਮਾਲਕਾਂ ਦੀ ਸ਼ਨਾਖਤ ਕਰਨ ਤੋਂ ਬਾਅਦ ਅੱਜ ਉਕਤ ਸਾਰੇ ਮੋਬਾਈਲ ਮਾਲਕਾਂ ਨੂੰ ਜ਼ਿਲਾ ਪੁਲਸ ਹੈੱਡ-ਕੁਆਰਟਰ ਵਿਖੇ ਬੁਲਾਇਆ ਗਿਆ।

ਐੱਸ. ਐੱਸ. ਪੀ. ਗਗਨ ਅਜੀਤ ਸਿੰਘ ਨੇ ਪੁੱਜੇ ਹੋਏ 30 ਮੋਬਾਈਲ ਮਾਲਕਾਂ ਨੂੰ ਉਨ੍ਹਾਂ ਦੇ ਗੁੰਮ ਹੋਏ ਮੋਬਾਈਲ ਸਪੁਰਦ ਕਰਦਿਆਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਦਾ ਵੀ ਮੋਬਾਈਲ ਗੁੰਮ ਹੁੰਦਾ ਹੈ ਤਾਂ ਉਹ ਇਸਦੀ ਸੂਚਨਾ ਤੁਰੰਤ ਸਥਾਨਕ ਸਾਈਬਰ ਕ੍ਰਾਈਮ ਥਾਣੇ ਨੂੰ ਦੇਵੇ ਅਤੇ ਪੁਲਸ ਉਨ੍ਹਾਂ ਦੇ ਗੁੰਮ ਹੋਏ ਮੋਬਾਈਲ ਟਰੇਸ ਕਰ ਕੇ ਦੇਣ ਲਈ ਹਰ ਤਰ੍ਹਾਂ ਦੀ ਸੰਭਵ ਕੋਸ਼ਿਸ਼ ਕਰੇਗੀ।

ਇਸ ਮੌਕੇ ਸਥਾਨਕ ਐੱਸ.ਪੀ. (ਇਨਵੈਸਟੀਗੇਸ਼ਨ) ਵੈਭਵ ਸਹਿਗਲ, ਡੀ.ਐੱਸ.ਪੀ. (ਡੀ) ਸਤੀਸ਼ ਕੁਮਾਰ, ਡੀ.ਐੱਸ.ਪੀ. (ਐੱਚ) ਕਰਮਜੀਤ ਸਿੰਘ, ਸੀ.ਆਈ.ਏ. ਮਾਹੋਰਾਣਾ ਦੇ ਇੰਚਾਰਜ ਇੰਸਪੈਕਟਰ ਹਰਜਿੰਦਰ ਸਿੰਘ, ਸਾਈਬਰ ਕ੍ਰਾਈਮ ਥਾਣੇ ਦੇ ਇੰਚਾਰਜ ਇੰਸਪੈਕਟਰ ਮਨਪ੍ਰੀਤ ਸਿੰਘ, ਥਾਣਾ ਸੰਦੌੜ ਦੇ ਐੱਸ.ਐੱਚ.ਓ. ਯਾਦਵਿੰਦਰ ਸਿੰਘ, ਸਾਈਬਰ ਕ੍ਰਾਈਮ ਥਾਣੇ ਦੇ ਮੁੱਖ ਮੁਨਸ਼ੀ ਮਨਜਿੰਦਰ ਸਿੰਘ ਅਤੇ ਪਰਮਿੰਦਰ ਸਿੰਘ ਵੀ ਹਾਜ਼ਰ ਸਨ।

# 1158 ਅਸਿਸਟੈਂਟ ਪ੍ਰੋਫ਼ੈਸਰਾਂ ਅਤੇ ਲਾਇਬ੍ਰੇਰੀਅਨਾਂ ਦੇ ਵਫ਼ਦ ਵੱਲੋਂ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਲਈ ਮੁੱਖ ਮੰਤਰੀ ਦਾ ਧੰਨਵਾਦ



**ਚੰਡੀਗੜ੍ਹ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਸਮਾਜ ਦੇ ਹਰ ਵਰਗ ਦੀ ਭਲਾਈ ਨੂੰ ਯਕੀਨੀ ਬਣਾਉਣ ਸਬੰਧੀ ਸੂਬਾ ਸਰਕਾਰ ਦੀ ਦ੍ਰਿੜ ਵਚਨਬੱਧਤਾ ਨੂੰ ਦੁਹਰਾਇਆ।

ਹਾਈਕੋਰਟ ਦੇ ਫੈਸਲੇ ਉਪਰੰਤ ਮੁੱਖ ਮੰਤਰੀ ਦਾ ਧੰਨਵਾਦ ਕਰਨ ਲਈ ਆਏ 1158 ਸਹਾਇਕ ਪ੍ਰੋਫੈਸਰਾਂ ਅਤੇ ਲਾਇਬ੍ਰੇਰੀਅਨਾਂ ਦੇ ਵਫਦ ਨਾਲ ਮੀਟਿੰਗ ਦੌਰਾਨ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਸਮਾਜ ਦੇ ਸਾਰੇ ਵਰਗਾਂ ਦੀ ਭਲਾਈ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਵਫ਼ਦ ਨੇ ਉਨ੍ਹਾਂ ਨੂੰ ਕਾਨੂੰਨੀ ਉਲਝਣ ਵਿੱਚੋਂ ਕੱਢਣ ਲਈ ਹਰ ਸੰਭਵ ਯਤਨ ਕਰਨ ਵਾਸਤੇ ਮੁੱਖ ਮੰਤਰੀ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਇਸ ਗੱਲ 'ਤੇ ਅਫ਼ਸੋਸ ਵੀ ਪ੍ਰਗਟਾਇਆ ਕਿ ਸੂਬੇ ਦੀਆਂ ਪਿਛਲੀਆਂ ਸਰਕਾਰਾਂ ਨੇ ਉਨ੍ਹਾਂ ਦਾ ਕੋਈ ਸਾਥ ਨਹੀਂ ਦਿੱਤਾ ਪਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਉਨ੍ਹਾਂ ਦੀ ਮਦਦ ਲਈ ਅੱਗੇ ਆਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਸਮੁੱਚੀ ਭਰਤੀ ਪ੍ਰਕਿਰਿਆ ਲਈ ਸੁਚੱਜੀ ਅਤੇ ਪਾਰਦਰਸ਼ੀ ਵਿਧੀ ਤਿਆਰ ਕੀਤੀ ਗਈ ਹੈ ਜਿਸ ਸਦਕਾ ਹੁਣ ਤੱਕ 45,000 ਤੋਂ ਵੱਧ ਨਿਯੁਕਤੀਆਂ ਕੀਤੀਆਂ ਗਈਆਂ ਹਨ ਅਤੇ ਇਨ੍ਹਾਂ ਵਿੱਚੋਂ ਇੱਕ ਵੀ ਨਿਯੁਕਤੀ ਨੂੰ ਕਿਸੇ ਵੀ ਅਦਾਲਤ ਵਿੱਚ ਚੁਣੌਤੀ ਨਹੀਂ ਦਿੱਤੀ ਗਈ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਲਈ ਇਹ ਮਾਣ ਵਾਲੀ ਗੱਲ ਹੈ ਕਿ ਇਨ੍ਹਾਂ ਨੌਜਵਾਨਾਂ ਨੂੰ ਨਿਰੋਲ ਯੋਗਤਾ ਦੇ ਆਧਾਰ 'ਤੇ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਲਈ ਵੀ ਇਹ ਬਹੁਤ ਹੀ ਮਾਣ ਅਤੇ ਤਸੱਲੀ ਵਾਲੀ ਗੱਲ ਹੈ ਕਿ ਸਾਰੇ ਨੌਜਵਾਨਾਂ ਨੂੰ ਉਨ੍ਹਾਂ ਦੀ ਯੋਗਤਾ ਅਤੇ ਸੂਝ-ਬੂਝ ਦੇ ਅਧਾਰ 'ਤੇ ਇਹਨਾਂ ਅਹੁਦਿਆਂ ਲਈ ਚੁਣਿਆ ਗਿਆ ਹੈ। ਇਸ ਦੌਰਾਨ ਲਾਇਬ੍ਰੇਰੀਅਨ ਫਰੰਟ ਦੀ ਇੱਕ ਮੈਂਬਰ ਨੇ ਮੁੱਖ ਮੰਤਰੀ ਦਾ ਉਨ੍ਹਾਂ ਦੇ ਮਕਸਦ ਵਿੱਚ ਸੁਹਿਰਦਤਾ ਨਾਲ ਸਾਥ ਦੇਣ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਅਸਲ ਤਬਦੀਲੀ ਹੈ ਜੋ ਸਰਕਾਰੀ ਕਾਲਜਾਂ ਵਿੱਚ ਦੇਖਣ ਨੂੰ ਮਿਲ ਰਹੀ ਹੈ ਕਿਉਂਕਿ ਇਨ੍ਹਾਂ ਕਾਲਜਾਂ ਵਿੱਚ ਦੋ ਦਹਾਕਿਆਂ ਤੋਂ ਵੱਧ ਸਮੇਂ ਬਾਅਦ ਭਰਤੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਉਹ ਇਸ ਨੇਕ ਅਤੇ ਦੂਰਅੰਦੇਸ਼ੀ ਉਪਰਾਲੇ ਲਈ ਮੁੱਖ ਮੰਤਰੀ ਦੇ ਸਦਾ ਰਿਣੀ ਰਹਿਣਗੇ।

# ਨਗਰ ਕੌਂਸਲ ਗੋਨਿਆਣਾ ਨੇ ਸਮਰਥਾ ਨਿਰਮਾਣ ਸਿਖਲਾਈ ਵਰਕਸਾਪ ਲਾਈ



**ਬਠਿੰਡਾ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਨਗਰ ਕੌਂਸਲ ਦਫ਼ਤਰ ਗੋਨੇਆਣਾ ਵਿੱਖੇ ਸਕੂਲ ਆਫ਼ ਪਬਲਿਕ ਹੈਲਥ ਅਤੇ ਕਮਿਊਨਿਟੀ ਮੈਡੀਸਿਨ ਵਿਭਾਗ ਅਤੇ ਪੀ ਜੀ ਆਈ ਚੰਡੀਗੜ੍ਹ ਵਲੋ ਸਮਰਥਾ ਨਿਰਮਾਣ ਅਤੇ ਸਿਖਲਾਈ ਵਰਸ਼ਾਪ ਦਾ ਆਯੋਜਨ ਕੀਤਾ ਗਿਆ ਇਸ ਮੌਕੇ ਤੇ ਵਰਕਸ਼ਾਪ ਚ ਪਹੁੰਚੇ ਪ੍ਰੋਗਰਾਮ ਮੈਨੇਜਰ ਅਤੇ ਡਾਈਟੇਸ਼ਨ ਮੈਡਮ ਕਮਲਪ੍ਰੀਤ ਚਹਿਲ ਨੇ ਦੱਸਿਆ ਕਿ ਇਹ ਸਿਖਲਾਈ ਵਰਕਸ਼ਾਪਾਂ ਪਿੱਛਲੇ ਇਕ ਸਾਲ ਤੋਂ ਲਗਾਈਆ ਜਾ ਰਹੀਆਂ ਹਨ ਉਹਨਾਂ ਨੇ ਕਿਹਾ ਕਿ ਇਹਨਾਂ ਵਰਕਸ਼ਾਪਾਂ ਤਹਿਤ ਪੰਜਾਬ ਵਿੱਚ ਫ਼ਲ, ਫਰੂਟ , ਸਬਜ਼ੀਆਂ , ਫਾਸਟ ਫੂਡ ਅਤੇ ਹੋਰ ਖਾਣ ਪੀਣ ਦਾ ਸਾਮਾਨ ਵੇਚਣ ਵਾਲੇ ਰੇਹੜੀ ਫੜ੍ਹੀ ਵਾਲਿਆਂ ਨੂੰ ਆਪਣੇ ਕੰਮ ਨੂੰ ਹੋਰ ਬਿਹਤਰ ਬਣਾਉਣ ਬਿਮਾਰੀਆਂ ਨੂੰ ਫੈਲਣ ਤੋਂ ਰੋਕਣ ਲਈ ਸਾਫ ਸਫ਼ਾਈ ਰੱਖਣ ਦੀ ਜਾਣਕਾਰੀ ਦੇ ਨਾਲ ਇਹਨਾਂ ਨੂੰ ਆਰਥਿਕ ਪੱਖੋਂ ਹੋਰ ਮਜ਼ਬੂਤ ਬਣਾਉਣ ਲਈ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਬੀਮਾ ਅਤੇ ਲੋਨ ਦੀਆਂ ਯੋਜਨਾਵਾਂ ਸਬੰਧੀ ਜਾਣਕਾਰੀ ਦਿੱਤੀ ਗਈ।

# ਪੰਜਾਬ ਦੇ ਸਿਹਤ ਮੰਤਰੀ ਡਾ: ਬਲਬੀਰ ਸਿੰਘ ਨੇ ਸਿਵਲ ਹਸਪਤਾਲ ਵਿਖੇ ਡਾਇਲਸਿਸ ਸਹੂਲਤ ਦਾ ਕੀਤਾ ਵਰਚੂਅਲ ਉਦਘਾਟਨ




**ਮਲੇਰਕੋਟਲਾ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਨਤਕ ਸਿਹਤ ਸੰਭਾਲ ਲਈ ਇੱਕ ਇਤਿਹਾਸਕ ਪ੍ਰਾਪਤੀ ਵਜੋਂ, ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਡਾ. ਬਲਬੀਰ ਸਿੰਘ ਨੇ ਸਿਵਲ ਹਸਪਤਾਲ ਵਿਖੇ ਇੱਕ ਅਤਿ-ਆਧੁਨਿਕ ਡਾਇਲਸਿਸ ਮੁਫ਼ਤ ਸਹੂਲਤ ਦਾ ਵਰਚੂਅਲ ਉਦਘਾਟਨ ਕੀਤਾ। ਜਿਕਰਯੋਗ ਹੈ ਕਿ ਇਸ ਵਰਚੂਅਲ ਉਦਘਾਟਨੀ ਸਮਾਰੋਹ'ਚ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਪੰਜਾਬ ਨੇ ਮਾਤਾ ਕੌਸ਼ੱਲਿਆ ਸਰਕਾਰੀ ਹਸਪਤਾਲ ਪਟਿਆਲਾ ਤੋਂ ਸਮੂਲੀਅਤ ਕਰਕੇ ਪੰਜਾਬ ਭਰ ਦੇ ਸਰਕਾਰੀ ਹਸਪਤਾਲਾਂ ਵਿੱਚ ਮਰੀਜਾਂ ਨੂੰ ਮਾਲੇਰਕੋਟਲਾ ਸਮੇਤ ਸ੍ਰੀ ਅੰਮ੍ਰਿਤਸਰ ਸਾਹਿਬ, ਜਲੰਧਰ, ਮੋਗਾ, ਪਟਿਆਲਾ, ਫਾਜਿਲਕਾ, ਫਰੀਦਕੋਟ ਤੇ ਬਠਿੰਡਾ ਦੇ ਸਰਕਾਰੀ ਹਸਪਤਾਲਾਂ ਵਿੱਚ ਡਾਇਲਸਿਸ ਮਸ਼ੀਨਾਂ ਦੀ ਸ਼ੁਰੂਆਤ ਕਰਵਾਈ। ਉਨ੍ਹਾਂ ਕਿਹਾ ਕਿ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਅਤੇ ਹੰਸ ਫਾਊਂਡੇਸ਼ਨ ਦੇ ਉਦਾਰ ਸਹਿਯੋਗ ਨਾਲ ਸਥਾਪਿਤ ਕੀਤੀ ਗਈ ਇਸ ਸਹੂਲਤ ਦਾ ਉਦੇਸ਼ ਗੰਭੀਰ ਗੁਰਦੇ ਦੀਆਂ ਬਿਮਾਰੀਆਂ ਤੋਂ ਪੀੜਤ ਮਰੀਜ਼ਾਂ ਨੂੰ ਜ਼ਰੂਰੀ ਦੇਖਭਾਲ ਪ੍ਰਦਾਨ ਕਰਨਾ ਹੈ । ਜਿਨ੍ਹਾਂ ਨੂੰ ਨਿਯਮਤ ਡਾਇਲਸਿਸ ਇਲਾਜ ਦੀ ਲੋੜ ਹੁੰਦੀ ਹੈ ,ਉਹਨਾਂ ਲਈ ਜੀਵਨ ਦੀ ਗੁਣਵੱਤਾ ਨੂੰ ਵਧਾਉਣਾ ਹੈ।

ਵਰਚੂਅਲ ਉਦਘਾਟਨ ਸਮਾਰੋਹ ਮੌਕੇ ਡਾ. ਬਲਬੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ੀ ਅਗਵਾਈ ਹੇਠ ਪੰਜਾਬ ਸਰਕਾਰ ਸਿਹਤ ਸੰਭਾਲ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਹਰ ਸੰਭਵ ਉਪਰਾਲੇ ਕਰ ਰਹੀ ਹੈ ਤਾਂ ਜੋ ਪੰਜਾਬੀਆਂ ਨੂੰ ਸਿਹਤਯਾਬ ਰੱਖਿਆ ਜਾ ਸਕੇ । ਇਸ ਮੌਕੇ ਵਿਧਾਇਕ ਮਾਲੇਰਕੋਟਲਾ ਡਾ ਜਮੀਲ ਉਰ ਰਹਿਮਾਨ ਨੇ ਸਿਹਤ ਮੰਤਰੀ ਮੁਫ਼ਤ ਇਲਾਜ ਦੀ ਸਹੂਲਤ ਮੁਹੱਈਆ ਕਰਵਾਉਣ ਤੇ ਵਧਾਈ ਦਿੱਤੀ ।ਸਿਹਤ ਮੰਤਰੀ ਨੇ ਭਰੋਸਾ ਦਵਾਇਆ ਕਿ ਮਾਲੇਰਕੋਟਲਾ ਵਿਖੇ ਬਣਨ ਵਾਲੇ ਮੈਡੀਕਲ ਕਾਲਜ ਦੀ ਉਸਾਰੀ ਦਾ ਕੰਮ ਜਲਦ ਹੀ ਸ਼ੁਰੂ ਹੋ ਜਾਵੇਗਾ । ਸਿਹਤ ਮੰਤਰੀ ਨੇ ਕਿਹਾ ਕਿ ਹੰਸ ਫਾਊਂਡੇਸ਼ਨ, ਜੋ ਭਾਰਤ ਭਰ ਵਿੱਚ ਸਿਹਤ ਸੰਭਾਲ ਵਿੱਚ ਆਪਣੇ ਵਿਆਪਕ ਯੋਗਦਾਨ ਲਈ ਜਾਣੀ ਜਾਂਦੀ ਹੈ, ਨੇ ਇਸ ਸਹੂਲਤ ਨੂੰ ਅਮਲ ਵਿੱਚ ਲਿਆਉਣ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਈ ਹੈ ।

ਇਸ ਮੌਕੇ ਵਿਧਾਇਕ ਮਾਲੇਰਕੋਟਲਾ ਡਾਕਟਰ ਜਮੀਲ ਉਰ ਰਹਿਮਾਨ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਵਿਸ਼ਵ ਪੱਧਰੀ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ।

# ਟਰੈਫਿਕ ਨਿਯਮਾਂ ਤੇ ਸੜਕ ਸੁਰੱਖਿਆ ਸੰਬੰਧੀ ਬੱਚਿਆਂ ਨੇ ਕੀਤਾ ਜਾਗਰੂਕ




**ਧੂਰੀ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਕੂਲੀ ਬੱਚਿਆਂ ਨੂੰ ਟਰੈਫ਼ਿਕ ਨਿਯਮਾਂ ਅਤੇ ਸੜਕ ਸੁਰੱਖਿਆ ਸੰਬੰਧੀ ਜਾਗਰੂਕ ਕਰਨ ਦੇ ਮਕਸਦ ਨਾਲ ਜ਼ਿਲ੍ਹਾ ਟਰੈਫਿਕ ਐਜੂਕੇਸ਼ਨ ਸੈਲ ਸੰਗਰੂਰ ਵੱਲੋਂ ਸਥਾਨਕ ਸਰਵਹਿੱਤਕਾਰੀ ਵਿੱਦਿਆ ਮੰਦਰ ਸਕੂਲ, ਧੂਰਾ ਵਿਖੇ ਸੈਮੀਨਾਰ ਕਰਵਾਇਆ ਗਿਆ। ਜਿਸਦੀ ਸ਼ੁਰੂਆਤ ਟਰੈਫਿਕ ਇੰਚਾਰਜ਼ ਸੰਜੇ ਕੁਮਾਰ ਵੱਲੋਂ ਜੋਤੀ ਪ੍ਰਚੰਡ ਕਰਕੇ ਕੀਤੀ ਗਈ। ਇਸ ਮੌਕੇ ਜ਼ਿਲ੍ਹਾ ਟਰੈਫਿਕ ਐਜੂਕੇਸ਼ਨ ਸੈਲ ਦੇ ਏ.ਐਸ.ਆਈ ਹਰਦੇਵ ਸਿੰਘ, ਟਰੈਫਿਕ ਇੰਚਾਰਜ਼ ਧੂਰੀ ਸੰਜੇ ਕੁਮਾਰ ਤੇ ਹੌਲਦਾਰ ਪ੍ਰਗਟ ਸਿੰਘ ਵੱਲੋਂ ਬੱਚਿਆਂ ਨੂੰ ਟਰੈਫਿਕ ਨਿਯਮਾਂ ਬਾਰੇ ਜਾਗਰੂਕ ਕਰਦਿਆਂ ਕਿਹਾ ਕਿ ਡਰਾਈਵਿੰਗ ਲਾਇਸੈਂਸ ਬਨਣ ਤੋਂ ਪਹਿਲਾਂ ਵਹੀਕਲ ਨਹੀਂ ਚਲਾਉਣਾ ਚਾਹੀਦਾ। ਉਨ੍ਹਾਂ ਕਿਹਾ ਕਿ ਜੇਕਰ ਕੋਈ ਨਾਬਾਲਿਗ ਬੱਚਾ ਨਿਯਮਾਂ ਦੀ ਉਲੰਘਣਾ ਕਰਦਾ ਪਾਇਆ ਜਾਂਦਾ ਹੈ ਤਾਂ ਜੁਰਮਾਨੇ ਦੇ ਨਾਲ-ਨਾਲ ਉਸਦੇ ਮਾਪਿਆਂ ਖਿਲਾਫ ਵੀ ਕਾਨੂੰਨੀ ਕਾਰਵਾਈ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਬੱਚਾ ਬਿਨਾਂ ਡਰਾਈਵਿੰਗ ਲਾਇਸੈਂਸ ਬਣਵਾਏ ਡਰਾਈਵਿੰਗ ਕਰਦਾ ਹੈ ਅਤੇ ਉਸ ਤੋਂ ਕੋਈ ਹਾਦਸਾ ਵਾਪਰ ਜਾਂਦਾ ਹੈ ਤਾਂ ਉਸ ਖਿਲਾਫ ਕਾਨੂੰਨੀ ਕਾਰਵਾਈ ਨਾਲ ਉਸਦੀ ਜਿੰਦਗੀ ਖਰਾਬ ਹੋ ਸਕਦੀ ਹੈ। ਉਨ੍ਹਾਂ ਬੱਚਿਆਂ ਨੂੰ ਕਿਹਾ ਕਿ ਉਹ ਆਪਣੇ ਮਾਪਿਆਂ ਨਾਲ ਕਾਰ 'ਚ ਸਫਰ 'ਤੇ ਜਾਂਦੇ ਸਮੇਂ ਆਪਣੇ ਮਾਪਿਆਂ ਨੂੰ ਸੀਟ ਬੇਲਟ ਲਗਾਉਣ ਅਤੇ ਦੁਪਹਿਆ ਵਾਹਨ 'ਤੇ ਸਫਰ 'ਤੇ ਜਾਣ ਸਮੇਂ ਹੈਲਮਟ ਦੀ ਵਰਤੋ ਸਮੇਤ ਹੋਰ ਟਰੈਫਿਕ ਨਿਯਮਾਂ ਦੀ ਪਾਲਣਾ ਕਰਨ ਲਈ ਪ੍ਰੇਰਿਤ ਕਰਨ। ਇਸ ਦੌਰਾਨ ਬੱਚਿਆਂ ਨੂੰ ਸੜਕੀ ਹਾਦਸਾ ਵਾਪਰਣ 'ਤੇ ਕੰਮ ਆਉਣ ਵਾਲੇ ਐਮਰਜੈਂਸੀ ਨੰਬਰਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ। ਇਸ ਦੌਰਾਨ ਸਕੂਲ ਕਮੇਟੀ ਦੇ ਮੈਨੇਜਰ ਡਾ.ਸੰਜੀਵ ਸਿੰਗਲਾ, ਜੁਆਇੰਟ ਮੈਨੇਜਰ ਰੌਸ਼ਨ ਲਾਲ, ਪ੍ਰਿੰਸੀਪਲ ਸੰਤੋਸ਼ ਠਾਕੁਰ, ਵਾਈਸ ਪ੍ਰਿੰਸੀਪਲ ਮਾਧੁਰੀ ਗਰਗ ਤੇ ਡੀ.ਪੀ.ਈ ਪਲਵਿੰਦਰ ਕੌਰ ਵੱਲੋਂ ਸੈਮੀਨਾਰ ਲਗਾਉਣ ਪੁੱਜੀ ਟਰੈਫਿਕ ਪੁਲਸ ਦੀ ਟੀਮ ਨੂੰ ਸਨਮਾਨਿਤ ਕੀਤਾ।

# ਜਸਪ੍ਰੀਤ ਸਿੰਘ ਪੀ.ਸੀ.ਐਸ ਨੇ ਐਸ.ਡੀ.ਐਮ ਸ੍ਰੀ ਅਨੰਦਪੁਰ ਸਾਹਿਬ ਵਜੋਂ ਅਹੁਦਾ ਸੰਭਾਲਿਆ



**ਸ੍ਰੀ ਅਨੰਦਪੁਰ ਸਾਹਿਬ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਸਪ੍ਰੀਤ ਸਿੰਘ ਪੀ.ਸੀ.ਐਸ ਨੇ ਅੱਜ ਸ੍ਰੀ ਅਨੰਦਪੁਰ ਸਾਹਿਬ ਦੇ ਉਪ ਮੰਡਲ ਮੈਜਿਸਟ੍ਰੇਟ ਵਜੋਂ ਆਪਣਾ ਅਹੁਦਾ ਸੰਭਾਲ ਲਿਆ ਹੈ। ਇਸ ਤੋ ਪਹਿਲਾ ਉਹ ਸੁਲਤਾਨਪੁਰ ਲੋਧੀ ਵਿਖੇ ਬਤੌਰ ਐਸ.ਡੀ.ਐਮ ਤੈਨਾਤ ਸਨ।

ਅੱਜ ਅਹੁਦਾ ਸੰਭਾਲਣ ਉਪਰੰਤ ਤਖਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਨਤਮਸਤਕ ਹੋਣ ਮੌਕੇ ਵਿਸੇਸ ਗੱਲਬਾਤ ਕਰਦੇ ਹੋਏ ਜਸਪ੍ਰੀਤ ਸਿੰਘ ਨੇ ਕਿਹਾ ਕਿ ਸਰਕਾਰ ਵਲੋਂ ਲੋੜਵੰਦਾਂ ਦੀ ਭਲਾਈ ਲਈ ਚਲਾਈਆ ਜਾ ਰਹੀਆਂ ਯੋਜਨਾਵਾ ਦਾ ਲਾਭ ਹਰ ਯੋਗ ਵਿਅਕਤੀ ਤੱਕ ਪਹੁੰਚਾਉਣ ਨੂੰ ਪ੍ਰਮੁੱਖਤਾ ਦਿੱਤੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਇੱਕ ਧਾਰਮਿਕ ਤੇ ਪਵਿੱਤਰ ਨਗਰੀ ਹੈ ਅਤੇ ਉਹ ਇਥੇ ਆਪਣੀ ਡਿਊਟੀ ਸੇਵਾ ਦੀ ਭਾਵਨਾ ਨਾਲ ਕਰਨਗੇ। ਉਨ੍ਹਾਂ ਨੇ ਕਿਹਾ ਕਿ ਆਮ ਲੋਕਾਂ ਦੀਆਂ ਮੁਸ਼ਕਿਲਾਂ ਦਾ ਹੱਲ ਕਰਨਾ, ਬਿਹਤਰ ਪ੍ਰਸ਼ਾਸ਼ਨ ਦੇਣਾ ਅਤੇ ਇਲਾਕੇ ਦੇ ਵਿਕਾਸ ਲਈ ਕੋਈ ਵਿਸ਼ੇਸ ਯੋਜਨਾ ਨੂੰ ਤਿਆਰ ਕਰਕੇ ਸਰਕਾਰ ਤੋਂ ਪ੍ਰਵਾਨ ਕਰਵਾਉਣ ਨੂੰ ਵਿਸੇਸ ਤਰਜੀਹ ਦਿੱਤੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਉਪ ਮੰਡਲ ਦੀ ਜਿੰਮੇਵਾਰੀ ਉਨ੍ਹਾਂ ਨੂੰ ਪੰਜਾਬ ਸਰਕਾਰ ਵਲੋ ਸੋਪੀ ਗਈ ਹੈ। ਜਿਸ ਨੂੰ ਪੂਰੀ ਮਿਹਨਤ, ਲਗਨ, ਇਮਾਨਦਾਰੀ ਨਾਲ ਨਿਭਾਇਆ ਜਾਵੇਗਾ। ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਮੈਨੇਜਰ ਮਲਕੀਤ ਸਿੰਘ ਅਤੇ ਸੂਚਨਾ ਅਫ਼ਸਰ ਹਰਪ੍ਰੀਤ ਸਿੰਘ ਨੇ ਜਸਪ੍ਰੀਤ ਸਿੰਘ ਉਪ ਮੰਡਲ ਮੈਜਿਸਟ੍ਰੇਟ ਸ੍ਰੀ ਅਨੰਦਪੁਰ ਸਾਹਿਬ ਦਾ ਸਨਮਾਨ ਕੀਤਾ।

# ਖੇਡਾਂ ਵਤਨ ਪੰਜਾਬ ਦੀਆਂ-2024(ਸੀਜਨ-3) ਸਿੱਧੇ ਸਟੇਟ ਪੱਧਰ ਖੇਡਾਂ ਲਈ ਟ੍ਰਾਇਲ 29 ਸਤੰਬਰ ਨੂੰ

**ਫਾਜ਼ਿਲਕਾ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਰੁਪਿੰਦਰ ਸਿੰਘ ਬਰਾੜ ਜਿਲ੍ਹਾ ਖੇਡ ਅਫਸਰ ਫਾਜਿਲਕਾ ਵੱਲੋ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੰਜਾਬ ਸਰਕਾਰ, ਖੇਡ ਵਿਭਾਗ ਪੰਜਾਬ ਵੱਲੋ 3 ਫੇਜਾਂ ਵਿੱਚ ਮਿਤੀ 11—10—2024 ਤੋ 09—11—2024 ਤੱਕ ਵੱਖ—ਵੱਖ ਗੇਮਾਂ ਦੇ ਰਾਜ ਪੱਧਰੀ ਖੇਡ ਮੁਕਾਬਲੇ ਕਰਵਾਏ ਜਾ ਰਹੇ ਹਨ।ਜਿਨ੍ਹਾ ਗੇਮਾਂ ਦੇ ਬਲਾਕ, ਜਿਲ੍ਹਾ ਪੱਧਰ ਖੇਡ ਮੁਕਾਬਲੇ ਨਹੀਂ ਕਰਵਾਏ ਗਏ, ਉਨ੍ਹਾਂ ਗੇਮਾਂ ਦੇ ਖੇਡਾਂ ਵਤਨ ਪੰਜਾਬ ਦੀਆਂ—2024(ਸੀਜਨ—3)ਸਿੱਧੇ ਸਟੇਟ ਪੱਧਰ ਖੇਡਾਂ ਲਈ ਟ੍ਰਾਇਲ ਮਿਤੀ 29—09—2024 ਨੂੰ ਸਵੇਰੇ 9:00 ਵਜੇ ਤੋ ਜਿਲ੍ਹਾ ਫਾਜਿਲਕਾ ਦੇ ਵੱਖ—ਵੱਖ ਸਥਾਨਾਂ ਤੇ ਕਰਵਾਏ ਜਾਣਗੇ।

ਉਨ੍ਹਾਂ ਜਾਣਕਾਰੀ ਦਿੰਦਿਆ ਦੱਸਿਆ ਕਿ ਇਨ੍ਹਾਂ ਟ੍ਰਾਇਲਾਂ ਵਿੱਚ ਵਧੀਆਂ ਪ੍ਰਦਰਸ਼ਨ ਕਰਨ ਵਾਲੇ ਮੈਰਿਟ ਦੇ ਆਧਾਰ ਤੇ ਖਿਡਾਰੀ ਰਾਜ ਪੱਧਰੀ ਖੇਡ ਮੁਕਾਬਲਿਆਂ ਵਿੱਚ ਭਾਗ ਲੈ ਸਕਣਗੇ। ਟ੍ਰਾਇਲਾਂ ਵਿੱਚ ਭਾਗ ਲੈਣ ਵਾਲੇ ਖਿਡਾਰੀ ਰਿਹਾਇਸ਼ ਸਬੰਧੀ ਸਬੂਤ ਲਈ ਰਿਹਾਇਸ਼ੀ ਸਰਟੀਫਿਕੇਟ/ਆਧਾਰ ਕਾਰਡ ,ਆਪਣੀ ਪਾਸਪੋਰਟ ਸਾਈਜ ਫੋਟੋ ਲੈ ਕੇ ਟ੍ਰਾਇਲਾਂ ਵਾਲੇ ਸਥਾਨ ਤੇ ਹਾਜਿਰ ਹੋਣਗੇ।ਖਿਡਾਰੀ ਆਪਣੇ ਉਮਰ ਦੇ ਸਬੂਤ ਸਬੰਧੀ ਵੀ ਪਰੂਫ ਨਾਲ ਲੈ ਕੇ ਆਉਣਗੇ।

ਇਸ ਤੋ ਇਲਾਵਾ ਟ੍ਰਾਇਲ ਸਥਾਨ ਤੇ ਆਪਣੇ ਬੈਂਕ ਅਕਾਊਟ ਦੀ ਪਾਸ ਬੁੱਕ ਦੀ ਕਾਪੀ ਨਾਲ ਲੈ ਕੇ ਆਉਣਗੇ।ਇੱਕ ਖਿਡਾਰੀ ਸਿਰਫ ਇੱਕ ਉਮਰ ਵਰਗ ਵਿੱਚ ਹਿੱਸਾ ਲੈ ਸਕਦਾ ਹੈ ਅਤੇ ਵਿਅਕਤੀਗਤ ਖੇਡ ਵਿੱਚ ਇਕ ਖੇਡ ਦੇ ਵੱਧ ਤੋ ਵੱਧ ਦੋ ਈਵੈਂਟਾਂ ਵਿੱਚ ਭਾਗ ਲੈ ਸਕਦਾ ਹੈ।ਟ੍ਰਾਇਲਾਂ ਵਿੱਚ ਭਾਗ ਲੈਣ ਵਾਲੇ ਖਿਡਾਰੀਆਂ ਨੂੰ ਕਿਸੇ ਪ੍ਰਕਾਰ ਦਾ ਕੋਈ ਖਰਚਾ ਨਹੀਂ ਦਿੱਤਾ ਜਾਵੇਗਾ।ਟ੍ਰਾਇਲਾਂ ਦਾ ਸ਼ਡਿਊਲ ਅਨੁਸਾਰ ਤੈਰਾਕੀ ਗੇਮ ਦੇ ਲਈ ਉਮਰ ਵਰਗ(ਲੜਕੇ—ਲੜਕੀਆਂ) ਲਈ ਅੰ:14,17,21,21—30 ਅਤੇ 31 ਤੋ 40 ਤੱਕ, ਮਿਤੀ 28—09—2024 ਨੂੰ ਕੇਵਲ ਲੜਕੇ ਅਤੇ ਮਿਤੀ 29—09—2024 ਨੂੰ ਕੇਵਲ ਲੜਕੀਆਂ ਲਈ ਸਥਾਨ ਰੀਕਰੇਸ਼ਨ ਕਲੱਬ ਫਾਜਿਲਕਾ, ਫੈਨਸਿੰਗ ਗੇਮ ਦੇ ਲਈ ਉਮਰ ਵਰਗ(ਲੜਕੇ—ਲੜਕੀਆਂ) ਇਕੋ ਦਿਨ ਅੰ:14,17,21,21—30 ਅਤੇ 31 ਤੋ 40 ਤੱਕ ਸਥਾਨ ਸ਼ਹੀਦ ਭਗਤ ਸਿੰਘ ਬਹੁਮੰਤਵੀ ਖੇਡ ਸਟੇਡੀਅਮ ਫਾਜਿਲਕਾ, ਸਾਈਕਲਿੰਗ ਗੇਮ ਦੇ ਲਈ ਉਮਰ ਵਰਗ(ਲੜਕੇ—ਲੜਕੀਆਂ) ਇਕੋ ਦਿਨ ਰੋਡ ਰੇਸ—ਅੰ:14,17,21,21—30 ਅਤੇ 31 ਤੋ 40 ਤੱਕ ਅਤੇ ਟਰੈਕ ਸਾਈਕਲਿੰਗ ਅੰ:14,17,21,21—30 ਅਤੇ 30 ਤੋ ਉਪਰ ਸਥਾਨ ਸ਼ਹੀਦ ਭਗਤ ਸਿੰਘ ਬਹੁਮੰਤਵੀ ਖੇਡ ਸਟੇਡੀਅਮ ਫਾਜਿਲਕਾ, ਤਾਇਕਵਾਂਡੋ ਗੇਮ ਦੇ ਲਈ ਉਮਰ ਵਰਗ(ਲੜਕੇ—ਲੜਕੀਆਂ) ਇਕੋ ਦਿਨ ਅੰ:14,17,21,21—30 ਅਤੇ 31 ਤੋ 40 ਤੱਕ ਸਥਾਨ ਸ਼ਹੀਦ ਭਗਤ ਸਿੰਘ ਬਹੁਮੰਤਵੀ ਖੇਡ ਸਟੇਡੀਅਮ ਫਾਜਿਲਕਾ, ਜਿਮਨਾਸਟਿਕ ਗੇਮ ਦੇ ਲਈ ਉਮਰ ਵਰਗ(ਲੜਕੇ—ਲੜਕੀਆਂ) ਇਕੋ ਦਿਨ ਅੰ:14,17,21 ਅਤੇ 21—30 ਤੱਕ ਸਥਾਨ ਸ਼ਹੀਦ ਭਗਤ ਸਿੰਘ ਬਹੁਮੰਤਵੀ ਖੇਡ ਸਟੇਡੀਅਮ ਫਾਜਿਲਕਾ,ਸ਼ੂਟਿੰਗ ਗੇਮ ਦੇ ਲਈ ਉਮਰ ਵਰਗ(ਲੜਕੇ—ਲੜਕੀਆਂ) ਇਕੋ ਦਿਨ ਅੰ:14,17, 21,21—30, 31 ਤੋ 40 ,41 ਤੋ 50,51 ਤੋ 60,61 ਤੋ 70 ਅਤੇ 70 ਤੋ ਉਪਰ ਸਥਾਨ 10∅ ਸਪੋਰਟਸ ਸੂਟਿੰਗ ਰੇਂਜ ਅਬੋਹਰ, ਰੋਲਰ ਸਕੇਟਿੰਗ ਗੇਮ ਦੇ ਲਈ ਉਮਰ ਵਰਗ(ਲੜਕੇ—ਲੜਕੀਆਂ) ਇਕੋ ਦਿਨ ਸਪੀਡ ਲਾਈਨ ਅੰ:14,17,21 ਅਤੇ 21 ਤੋ 30 ਤੱਕ ਅਤੇ ਹਾਕੀ ਕੁਆਡ ਅੰ:14,17 ਸਥਾਨ ਕੌਟਨ ਮੰਡੀ ਫਾਜਿਲਕਾ,ਵੁਸੂ ਗੇਮ ਦੇ ਲਈ ਉਮਰ ਵਰਗ(ਲੜਕੇ—ਲੜਕੀਆਂ) ਇਕੋ ਦਿਨ ਅੰ:14,17, 21,21—30 ਅਤੇ 31 ਤੋ 40 ਤੱਕ ਸਥਾਨ ਗੌਡਵਿਨ ਸਕੂਲ ਪਿੰਡ ਘੱਲੂ, ਆਰਚਰੀ ਗੇਮ ਦੇ ਲਈ ਉਮਰ ਵਰਗ(ਲੜਕੇ—ਲੜਕੀਆਂ) ਇਕੋ ਦਿਨ ਅੰ:14,17, 21 ਅਤੇ 21 ਤੋ ਉਪਰ ਸਥਾਨ ਖੇਡ ਗਰਾਊਂਡ ਪਿੰਡ ਬੱਲੂਆਣਾ,ਬੇਸਬਾਲ ਗੇਮ ਦੇ ਲਈ ਉਮਰ ਵਰਗ(ਲੜਕੇ—ਲੜਕੀਆਂ) ਇਕੋ ਦਿਨ ਅੰ:14,17 ,21,21—30 ਅਤੇ 31 ਤੋ 40 ਤੱਕ ਸਥਾਨ ਗੌਡਵਿਨ ਸਕੂਲ ਪਿੰਡ ਘੱਲੂ, ਰਗਬੀ ਗੇਮ ਦੇ ਲਈ ਉਮਰ ਵਰਗ(ਲੜਕੇ—ਲੜਕੀਆਂ) ਇਕੋ ਦਿਨ ਅੰ:14,17,21 ਅਤੇ 21—30 ਤੱਕ ਸਥਾਨ ਬਹੁਮੰਤਵੀ ਖੇਡ ਸਟੇਡੀਅਮ ਜਲਾਲਾਬਾਦ ਵਿਖੇ ਕਰਵਾਈ ਜਾਵੇਗੀ।

## ਪ੍ਰਬੰਧ ਨਿਰਦੇਸ਼ਕ, ਸ਼ੂਗਰਫੈੱਡ ਡਾ. ਸੇਨੂ ਦੁੱਗਲ ਨੇ ਸਹਿਕਾਰੀ ਖੰਡ ਮਿੱਲ, ਮੋਰਿੰਡਾ ਦਾ ਦੌਰਾ ਕੀਤਾ

# ਮਿੱਲ ਵਿੱਚ ਗੰਨੇ ਲੈ ਕੇ ਆਉਣ ਵਾਲੇ ਕਿਸਾਨਾਂ ਲਈ ਵਿਸ਼ਰਾਮ ਘਰ 'ਚ ਜਰੂਰੀ ਸੁਵਿਧਾਵਾਂ ਮੁਹੱਇਆ ਕਰਵਾਈਆਂ ਜਾਣ: ਡਾ. ਸੇਨੂ ਦੁੱਗਲ

**ਮੋਰਿੰਡਾ, 25 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਬੰਧ ਨਿਰਦੇਸ਼ਕ, ਸ਼ੂਗਰਫੈੱਡ, ਪੰਜਾਬ ਡਾਕਟਰ ਸੇਨੂ ਦੁੱਗਲ ਵੱਲੋਂ ਸਹਿਕਾਰੀ ਖੰਡ ਮਿੱਲ, ਮੋਰਿੰਡਾ ਦਾ ਦੌਰਾ ਕੀਤਾ ਗਿਆ। ਉਨ੍ਹਾਂ ਵੱਲੋਂ ਸ਼ੂਗਰ ਮਿੱਲ ਦੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਮਿੱਲ ਦੀ ਵਿਸਥਾਰਪੂਰਵਕ ਜਾਣਕਾਰੀ ਲਈ ਗਈ ਅਤੇ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਗਈਆ ਕਿ ਮਿੱਲ ਦੇ ਖਰਚਿਆਂ ਨੂੰ ਘਟਾਉਂਦੇ ਹੋਏ, ਅਦਾਰੇ ਨੂੰ ਮੁਨਾਫੇ ਵਿੱਚ ਲਿਆਉਣ ਦੇ ਹਰ ਸੰਭਵ ਉਪਰਾਲੇ ਕੀਤੇ ਜਾਣ।

ਪ੍ਰਬੰਧ ਨਿਰਦੇਸ਼ਕ ਵੱਲੋਂ ਪਲਾਂਟ ਅੰਦਰ ਜਾ ਕੇ ਆਉਣ ਵਾਲੇ ਪਿੜਾਈ ਸੀਜ਼ਨ 2024-25 ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ ਅਤੇ ਵਰਕਰਾਂ ਅਤੇ ਅਧਿਕਾਰੀਆਂ ਨੂੰ ਹਦਾਇਤਾਂ ਕੀਤੀਆਂ ਗਈਆਂ ਕਿ ਪਲਾਂਟ ਨੂੰ ਅਗਲੇ ਪਿੜਾਈ ਸੀਜ਼ਨ ਲਈ ਸਮੇਂ-ਸਿਰ ਪੂਰਨ ਰੂਪ ਵਿੱਚ ਤਿਆਰ ਕਰਨਾ ਯਕੀਨੀ ਬਣਾਇਆ ਜਾਵੇ ਅਤੇ ਇਸ ਦੀ ਰਿਪੇਅਰ ਅਤੇ ਮੈਨਟੀਨੈਂਸ ਤਸੱਲੀਬਖਸ਼ ਕੀਤੀ ਜਾਵੇ, ਤਾਂ ਜੋਂ ਆਉਣ ਵਾਲੇ ਪਿੜਾਈ ਸੀਜ਼ਨ ਵਿੱਚ ਗੰਨੇ ਦੀ ਪਿੜਾਈ ਅਤੇ ਖੰਡ ਦੇ ਉਤਪਾਦਨ ਦਾ ਕੰਮ ਨਿਰਵਿਘਨ ਚਲਾਇਆ ਜਾ ਸਕੇ।

ਡਾ. ਸੇਨੂ ਦੁੱਗਲ ਨੇ ਕਿਹਾ ਕਿ ਇਲਾਕੇ ਦੇ ਕਿਸਾਨਾਂ ਨੂੰ ਕਿਸੇ ਵੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨ ਪਵੇ। ਖੰਡ ਦਾ ਉਤਪਾਦਨ ਬਹੁਤ ਹੀ ਸੁਚੱਜੇ ਅਤੇ ਸਾਫ-ਸਫਾਈ ਵਾਲੇ ਢੰਗ ਨਾਲ ਕੀਤਾ ਜਾਵੇ, ਤਾਂ ਜੋਂ ਵਧੀਆ ਕੁਆਲਿਟੀ ਦੀ ਖੰਡ ਮਿੱਲ ਵੱਲੋਂ ਤਿਆਰ ਕੀਤੀ ਜਾ ਸਕੇ।

ਪ੍ਰਬੰਧ ਨਿਰਦੇਸ਼ਕ, ਸ਼ੂਗਰਫੈੱਡ, ਪੰਜਾਬ ਵੱਲੋਂ ਮਿੱਲ ਦੇ ਸਮੁੱਚੇ ਏਰੀਏ ਦੀ



ਸਾਫ-ਸਫਾਈ ਦਾ ਜਾਇਜ਼ਾ ਵੀ ਲਿਆ ਗਿਆ ਅਤੇ ਸਬੰਧਤ ਅਧਿਕਾਰੀਆਂ ਨੂੰ ਇਸ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਕਿ ਮਿੱਲ ਦੀ ਸਾਫ-ਸਫਾਈ ਅਤੇ ਖੰਡ ਦੀ ਕੁਆਲਿਟੀ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ।

ਉਨ੍ਹਾਂ ਵੱਲੋਂ ਇਹ ਵੀ ਦੱਸਿਆ ਗਿਆ ਕਿ ਸਹਿਕਾਰੀ ਖੰਡ ਮਿੱਲ, ਮੋਰਿੰਡਾ ਦੇ ਏਰੀਏ ਵਿੱਚ ਪਿਛਲੇ ਸਾਲ 5824 ਤੋਂ ਵੱਧ ਕੇ ਇਸ ਵਾਰ 6819 ਹੈਕਟੇਅਰ ਗੰਨੇ ਅਧੀਨ ਰਕਬਾ ਉਪਲੱਬਧ ਹੋਇਆ ਹੈ ਅਤੇ ਮਿੱਲ ਵੱਲੋਂ ਪਿੜਾਈ ਸੀਜ਼ਨ 2024-25 ਦੌਰਾਨ 28 ਲੱਖ ਕੁਵਿੰਟਲ ਤੋਂ ਵੱਧ ਗੰਨਾ ਪੀੜਨ ਦਾ ਟੀਚਾ ਮਿੱਥਿਆ ਗਿਆ ਹੈ। ਉਨ੍ਹਾਂ ਵੱਲੋਂ ਮਿੱਲ ਦੇ ਅਧਿਕਾਰੀਆਂ ਨੂੰ ਇਹ ਵੀ ਹਦਾਇਤਾਂ ਜਾਰੀ ਕੀਤੀਆਂ ਗਈਆ ਕਿ ਮਿੱਲ ਵਿੱਚ ਗੰਨੇ ਲੈ ਕੇ ਆਉਣ ਵਾਲੇ ਕਿਸਾਨਾਂ ਲਈ ਕਿਸਾਨ ਵਿਸ਼ਰਾਮ ਘਰ ਵਿੱਚ ਜਰੂਰੀ ਸੁਵਿੱਧਾਵਾਂ ਮੁਹੱਇਆ ਕਰਵਾਈਆ ਜਾਣ, ਚਾਹ-ਪਾਣੀ ਅਤੇ ਖਾਣੇ ਦੇ ਪ੍ਰਬੰਧ ਲਈ ਵਧੀਆ ਕੰਨਟੀਨ ਚਲਾਈ ਜਾਵੇ ਅਤੇ ਗੰਨੇ ਦੇ ਯਾਰਡ ਵਿੱਚ ਉਡੀਕ ਦਾ ਸਮਾਂ ਘੱਟ ਤੋਂ ਘੱਟ ਰੱਖਿਆ ਜਾਵੇ। ਉਨ੍ਹਾਂ ਵੱਲੋਂ ਇਹ ਵੀ ਦਿਸ਼ਾ-ਨਿਰਦੇਸ਼ ਦਿੱਤੇ ਗਏ ਕਿ ਗੰਨੇ ਦੀ ਸਪਲਾਈ ਲਈ ਕੈਲੰਡਰ ਅਨੁਸਾਰ ਹੀ ਸਖਤੀ ਨਾਲ ਪਰਚੀ ਜਾਰੀ ਕੀਤੀ ਜਾਵੇ ਤਾਂ ਕਿ ਮਿੱਲ ਦੇ ਹਰ ਪ੍ਰਕਾਰ ਦੇ ਟੀਚੇ ਪ੍ਰਾਪਤ ਕੀਤੇ ਜਾ ਸਕਣ। ਇਸ ਮੌਕੇ ਤੇ ਸ਼੍ਰੀ ਅਰਵਿੰਦਰ ਪਾਲ ਸਿੰਘ ਕੈਰੋ ਜਨਰਲ ਮੈਨੇਜਰ, ਸ਼੍ਰੀ ਜਸਵੀਰ ਸਿੰਘ ਉੱਪ ਮੁੱਖ ਇੰਜੀਨੀਅਰ, ਸ਼੍ਰੀ ਟੀ.ਪੀ.ਐਸ. ਭੱਲਾ, ਸਹਾਇਕ ਇੰਜੀਨੀਅਰ, ਸ਼੍ਰੀ ਐਮ. ਸਿੰਘ, ਮੁੱਖ ਰਸਾਇਣਕਾਰ, ਸ਼੍ਰੀ ਜਸਵੰਤ ਸਿੰਘ, ਮੁੱਖ ਗੰਨਾ ਵਿਕਾਸ ਅਫਸਰ, ਸ਼੍ਰੀ ਸੁਸ਼ੀਲ ਕੁਮਾਰ, ਸੁਪਰਡੰਟ, ਸ਼੍ਰੀ ਰਵਿੰਦਰ ਸਿੰਘ, ਸਰਵੇਅਰ, ਸ਼੍ਰੀ ਵੀ.ਬੀ. ਸਿੰਘ ਲੇਖਾ ਇੰਚਾਰਜ ਅਤੇ ਵਰਕਰ ਯੂਨੀਅਨ ਦੇ ਨੁਮਾਇੰਦੇ ਸ਼੍ਰੀ ਬਲਵਿੰਦਰ ਸਿੰਘ ਬਾਵਾ, ਸ਼੍ਰੀ ਨੱਥੂ ਰਾਮ, ਸ਼੍ਰੀ ਜਸਬੀਰ ਸਿੰਘ, ਸ਼੍ਰੀ ਜਗਮੋਹਨ ਸਿੰਘ ਹਾਜ਼ਰ ਸਨ।

# ਬੀਮਾ ਕਰਾਓ ਬੇਫ਼ਿਕਰ ਰਹੋ

ਹਾਊਸਹੋਲਡ ਇੰਸ਼ੋਰੈਂਸ ਪਾਲਿਸੀ 'ਚ ਘਰ ਅਤੇ ਉਸ 'ਚ ਰੱਖੇ ਹਰ ਤਰ੍ਹਾਂ ਦੇ ਸਾਮਾਨ ਦਾ ਬੀਮਾ ਸ਼ਾਮਿਲ ਹੁੰਦਾ ਹੈ। ਇਸ 'ਚ 10 ਸੈਕਸ਼ਨ ਦਿੱਤੇ ਗਏ ਹਨ। ਅੱਗ, ਚੋਰੀ, ਫਿਸਫੋਟ, ਹੜ੍ਹ, ਤੂਫ਼ਾਨ, ਭੂਚਾਲ ਅਤੇ ਦੂਜੀਆਂ ਕੁਦਰਤੀ ਆਫ਼ਤਾਂ ਤੋਂ ਹੋਣ ਵਾਲੇ ਨੁਕਸਾਨ ਦੀ ਭਰਪਾਈ ਵੀ ਇਸ ਤਹਿਤ ਹੁੰਦਾ ਹੈ। ਇਹ ਪਾਲਿਸੀ ਲੈਣ ਵਾਲੇ 'ਤੇ ਨਿਰਭਰ ਕਰਦਾ ਹੈ ਕਿ ਉਹ ਘਰ 'ਚ ਰੱਖੀਆਂ ਕਿਹੜੀਆਂ-ਕਿਹੜੀਆਂ ਚੀਜ਼ਾਂ ਦਾ ਬੀਮਾ ਕਰਵਾਉਣਾ ਚਾਹੁੰਦਾ ਹੈ। ਘਰ 'ਚ ਰੱਖੇ ਹਰ ਸਾਮਾਨ ਨੂੰ ਇਸ ਪਾਲਿਸੀ 'ਚ ਕਵਰ ਕੀਤਾ ਜਾ ਸਕਦਾ ਹੈ। ਜੋ ਚੀਜ਼ਾਂ ਤੁਹਾਨੂੰ ਤੋਹਫ਼ੇ 'ਚ ਮਿਲੀਆਂ ਹਨ, ਉਨ੍ਹਾਂ ਦਾ ਵੀ ਇੰਸ਼ੋਰੈਂਸ ਕਰਾ ਸਕਦੇ ਹੋ। ਕਿਰਾਏਦਾਰ ਨੂੰ ਵੀ ਆਪਣੇ ਹਰ ਸਾਮਾਨ ਦਾ ਇੰਸ਼ੋਰੈਂਸ ਕਰਵਾਉਣਾ ਚਾਹੀਦਾ ਹੈ। ਘਰ ਛੱਡ ਕੇ ਉਹ ਹਰ ਸਾਮਾਨ ਦਾ ਬੀਮਾ ਕਰਵਾ ਸਕਦਾ ਹੈ।

ਘਰ 'ਚ ਰੱਖੇ ਸਾਮਾਨ ਦੀ ਕੀਮਤ ਦਾ ਅੰਦਾਜ਼ਾ ਖ਼ੁਦ ਵੀ ਲਗਾ ਸਕਦੇ ਹੋ। ਸਭ ਤੋਂ ਪਹਿਲਾਂ ਘਰ 'ਚ ਰੱਖੀਆਂ ਹਰ ਚੀਜ਼ਾਂ ਦੀ ਲਿਸਟ ਬਣਾਓ, ਜਿਸ ਦਾ ਤੁਸੀ ਬੀਮਾ ਕਰਵਾਉਣਾ ਚਾਹੁੰਦੇ ਹੋ। ਸਾਮਾਨ ਦੀ ਕੀਮਤ ਦਾ ਮੁਲਾਂਕਣ ਉਸ ਦੀ ਮੌਜੂਦਾ ਬਾਜ਼ਾਰ ਕੀਮਤ 'ਤੇ ਹੁੰਦਾ ਹੈ। ਇਸ ਨੂੰ ਰਿਪਲੇਸਮੈਂਟ ਵੈਲਿਊ ਕਹਿੰਦੇ ਹਨ। ਇਸ ਤੋਂ ਭਾਵ ਹੈ ਕਿ ਜੇ ਇਸ ਸਾਮਾਨ ਦੇ ਨੁਕਸਾਨ ਲਈ ਕਲੇਮ ਕੀਤਾ ਜਾਂਦਾ ਹੈ ਤਾਂ ਉਸ ਸਾਮਾਨ ਦੇ ਨਵੇ ਸੈੱਟ ਦੀ ਕੀਮਤ ਤੋਂ ਡੇਪਰੀਸੀਏਸ਼ਨ ਰਕਮ ਘਟਾ ਕੇ ਜੋ ਰਾਸ਼ੀ ਬਚੇਗੀ, ਉਸ ਦੀ ਪੇਮੈਂਟ ਹੋਵੇਗੀ।

ਉਦਾਹਰਨ ਲਈ ਤੁਸੀ ਟੀ.ਵੀ ਦਾ ਇੰਸ਼ੋਰੈਂਸ ਕਰਵਾਇਆ ਹੈ। ਮੰਨ ਲਓ, ਇਸ ਦੀ ਵਰਤਮਾਨ ਕੀਮਤ ਕਰੀਬ 20 ਹਜ਼ਾਰ ਰੁਪਏ ਹੈ ਤਾਂ ਤੁਸੀ ਇਸ ਰਕਮ ਦੇ ਹਿਸਾਬ ਨਾਲ ਹੀ ਪ੍ਰੀਮੀਅਣ ਭਰੋਗੇ। ਪ੍ਰੀਮੀਅਮ ਕੀ ਹੁੰਦਾ ਹੈ, ਇਹ ਕੰਪਨੀ 'ਤੇ ਨਿਰਭਰ ਹੈ। ਹੁਣ ਮੰਨ ਲਓ ਕਿ ਟੀ.ਵੀ ਤਿੰਨ ਸਾਲ ਬਾਅਦ ਚੋਰੀ ਹੋ ਗਿਆ ਤਾਂ ਤਿੰਨ ਸਾਲ ਦਾ ਡੇਪਰੀਸੀਏਸ਼ਨ ਘਟਾਉਣ ਬਾਅਦ ਕੰਪਨੀ ਕਲੇਮ ਦਿੰਦੀ ਹੈ। ਡੇਪਰੀਸੀਏਸ਼ਨ ਫਿਕਸਡ ਹੁੰਦਾ ਹੈ ਅਤੇ ਇਹ ਸਾਮਾਨ ਦੀ ਉਮਰ ਦੇ ਆਧਾਰ 'ਤੇ ਘੱਟਦਾ ਜਾਂਦਾ ਹੈ। •

### ਪਾਲਿਸੀ ਲੈਣ ਸਮੇਂ ਰੱਖੋ ਧਿਆਨ

- ਹੋਮ ਇੰਸ਼ੋਰੈਂਸ ਪਾਲਿਸੀ ਲੈਣ ਤੋਂ ਪਹਿਲਾਂ ਪਤਾ ਕਰ ਲਓ ਕਿ ਪਲਾਨ ਤਹਿਤ ਤੁਹਾਡੇ ਘਰ ਦੀਆਂ ਕਿਹੜੀਆਂ-ਕਿਹੜੀਆਂ ਚੀਜ਼ਾਂ ਕਵਰ ਹੋ ਰਹੀਆਂ ਹਨ।
- ਇੰਸ਼ੋਰੈਂਸ ਲੈਂਦੇ ਸਮੇਂ ਕਲੇਮ ਦਾ ਤਰੀਕਾ ਸਮਝਣਾ ਜ਼ਰੂਰੀ ਹੈ ਇਸ ਲਈ ਇਹ ਜਾਣੋ ਕਿ ਕੰਪਨੀ ਜਿੰਨੀ ਪੈਸਾ ਦੱਸ ਰਹੀ ਹੈ, ਉਹ ਸਾਰਾ ਪੈਸਾ ਕਲੇਮ ਦੇ ਰੂਪ 'ਚ ਮਿਲੇਗਾ ਜਾਂ ਉਸ ਦਾ ਕੁਝ ਹੀ ਹਿੱਸਾ ਮਿਲੇਗਾ।
- ਇਹ ਨਿਸ਼ਚਿਤ ਕਰੋ ਕਿ ਇੰਸ਼ੋਰੈਂਸ ਕੰਪਨੀ ਜਾਂਚ ਕਰਦੀ ਹੈ ਕਿ ਜਿਸ ਚੀਜ਼ ਦਾ ਤੁਹਾਨੂੰ ਨੁਕਸਾਨ ਹੋਇਆ ਹੈ, ਉਹ ਅਸਲ 'ਚ ਤੁਹਾਡੀ ਸੀ ਜਾਂ ਨਹੀ? ਇਸ ਲਈ ਪਾਲਿਸੀ ਕਰਾਉਂਦੇ ਸਮੇਂ ਜੋ ਵੀ ਸਾਮਾਨ ਕਵਰਡ ਕਰਵਾ ਰਹੇ ਹੋ, ਉਸ ਦੀ ਵੀਡੀਓ ਜ਼ਰੂਰ ਬਣਾਓ।
- ਬੀਮਾ ਕਰਵਾਉਂਦੇ ਸਮੇਂ ਸਾਮਾਨ ਦੀ ਜੋ ਕੀਮਤ ਦੱਸੀ ਸੀ, ਉਹ ਸਹੀ ਹੈ ਜਾਂ ਗ਼ਲਤ, ਇਸ ਦਾ ਸਬੂਤ ਪਾਸ ਹੋਣਾ ਚਾਹੀਦਾ ਹੈ।





# ਜੇ ਚਾਹੁੰਦੇ ਹੋ ਘਰ 'ਚ ਖ਼ੁਸ਼ਹਾਲੀ

ਵਾਸਤੂ ਦੇ ਇਨ੍ਹਾਂ ਨਿਯਮਾਂ ਨੂੰ ਅਪਣਾ ਕੇ ਪਰਿਵਾਰ 'ਚ ਸੁੱਖ, ਸ਼ਾਂਤੀ ਤੇ ਵਪਾਰਕ ਸੰਸਥਾਵਾਂ ਨੂੰ ਵਧੀਆ ਬਣਾਇਆ ਜਾ ਸਕਦਾ ਹੈ।

- ਸ਼ਿਵਲਿੰਗ ਦੀ ਪੂਜਾ ਕਰੋ। ਇਹ ਅਸਲੀ ਹੋਈ ਤਾਂ ਉਸ ਦਾ ਪ੍ਰਭਾਵ ਜ਼ਿਆਦਾ ਪਵੇਗਾ।
- ਘਰ ਬਣਾਉਂਦੇ ਸਮੇਂ ਦਰਵਾਜ਼ੇ ਤੇ ਖਿੜਕੀਆਂ ਦਾ ਖ਼ਾਸ ਧਿਆਨ ਰੱਖੋ।- ਬਾਥਰੂਮ ਤੇ ਰਸੋਈ ਦਾ ਦਰਵਾਜ਼ਾ ਆਹਮਣੇ-ਸਾਹਮਣੇ ਨਾ ਹੋਵੇ।
- ਗਣੇਸ਼ ਜੀ ਦੀ ਇਕ ਤੋਂ ਜ਼ਿਆਦਾ ਮੂਰਤੀ ਹੋਵੇ ਤਾਂ ਕੋਈ ਫ਼ਰਕ ਨਹੀ ਪਰ ਪੂਜਾ ਇਕ ਹੀ ਗਣੇਸ਼ ਦੀ ਹੋਵੇ।
- ਘਰ ਦੇ ਬਾਹਰ ਜਾਂ ਅੰਦਰ ਦੇਵੀ ਦੇਵਤਿਆਂ ਦੀ ਮੂਰਤੀ ਜ਼ਰੂਰ ਲਗਾਏ।
- ਘਰ ਦੇ ਡ੍ਰਾਇੰਗਰੂਮ 'ਚ ਮੋਰ, ਬਾਂਦਰ, ਗਾਂ ਆਦਿ ਦੇ ਲਈ ਚਿੱਤਰ ਜਾਂ ਮੂਰਤੀ ਦੇ ਰੂਪ 'ਚ ਕਿਸੇ ਇਕ ਦਾ ਜੋੜਾ ਰੱਖੋ ਜਿਸ ਦਾ ਮੂੰਹ ਘਰ ਦੇ ਅੰਦਰ ਹੋਵੇਗਾ ਤਾਂ ਬਹੁਤ ਹੀ ਸ਼ੁੱਭ ਹੋਵੇਗਾ।
- ਆਪਣੀ ਧਨ ਵਾਲੀ ਪੇਟੀ 'ਚ ਤਿੰਨ ਸਿੱਕੇ ਰੱਖੋ ਇਹ ਰੱਖਣ ਨਾਲ ਤੁਹਾਨੂੰ ਬਹੁਤ ਫ਼ਾਇਦਾ ਮਿਲੇਗਾ।
- ਆਪਣੇ ਘਰ ਦੀ ਸੁੱਖ ਸ਼ਾਂਤੀ ਲਈ ਆਪਣੀ ਬੈਠਕ 'ਚ ਪੀਰਾਮਿਡ ਨੂੰ ਉੱਤਰ-ਪੂਰਵ 'ਚ ਰੱਖੋ। •

**ਵਸੀਅਤ ਨੂੰ ਜੀਵਨ ਦਾ ਹਿੱਸਾ ਬਣਾਉਣਾ ਜ਼ਰੂਰੀ ਹੈ। ਜੇ ਤੁਸੀਂ ਵਸੀਅਤ ਬਣਾ ਲੈਂਦੇ ਹੋ ਤਾਂ ਤੁਹਾਡੇ ਜਾਣ ਤੋਂ ਬਾਅਦ ਪ੍ਰਾਪਰਟੀ ਨੂੰ ਲੈ ਕੇ ਪਰਿਵਾਰ 'ਚ ਲੜਾਈ-ਝਗੜਾ ਨਹੀਂ ਹੁੰਦਾ। ਇਸ ਨਾਲ ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਸਹੀ ਹੱਕ ਮਿਲ ਜਾਂਦਾ ਹੈ। ਵਸੀਅਤ ਬਣਾਉਣਾ ਕੋਈ ਮੁਸ਼ਕਿਲ ਕੰਮ ਨਹੀਂ ਹੈ। ਕਈ ਲੋਕ ਸੋਚਦੇ ਹਨ ਕਿ ਅਜੇ ਤਾਂ ਬਹੁਤ ਸਮਾਂ ਹੈ ਹੁਣ ਤੋਂ ਹੀ ਵਸੀਅਤ ਬਣਾਉਣਾ ਕਿਉਂ ਜ਼ਰੂਰੀ ਹੈ? ਆਓ ਜਾਣੀਏ....**




ਕਿਸੇ ਵਿਅਕਤੀ ਦੇ ਜਿਊਂਦੇ ਜੀ ਉਸ ਦੇ ਜਾਣ ਤੋਂ ਬਾਅਦ ਜਾਇਦਾਦ ਦੇ ਇਸਤੇਮਾਲ ਦਾ ਹੱਕ ਕਿਸੇ ਹੋਰ ਵਿਅਕਤੀ ਨੂੰ ਦੇਣ ਦਾ ਫ਼ੈਸਲਾ ਵਸੀਅਤ ਕਹਾਉਂਦਾ ਹੈ। ਵਸੀਅਤ ਕਰਨ ਵਾਲਾ ਵਿਅਕਤੀ ਇਸ ਕਾਨੂੰਨੀ ਦਸਤਾਵੇਜ਼ 'ਚ ਇਹ ਨਿਰਧਾਰਿਤ ਕਰਦਾ ਹੈ ਕਿ ਇਸ ਦੀ ਮੌਤ ਤੋਂ ਬਾਅਦ ਜਾਇਦਾਦ ਦਾ ਕਿੰਨਾ ਹਿੱਸਾ ਕਿਸ ਨੂੰ ਮਿਲੇਗਾ। ਕੁਝ ਲੋਕ ਇਸ ਗ਼ਲਤਫ਼ਹਿਮੀ ਦਾ ਸ਼ਿਕਾਰ ਹੁੰਦੇ ਹਨ ਕਿ ਉਨ੍ਹਾਂ ਤੋਂ ਬਾਅਦ ਸਾਰੀ ਜਾਇਦਾਦ ਉਨ੍ਹਾਂ ਦੇ ਜੀਵਨਸਾਥੀ ਵਜੋਂ ਆਪਣੇ ਆਪ ਟ੍ਰਾਂਸਫਰ ਹੋ ਜਾਵੇਗੀ ਪਰ ਇਹ ਸੋਚ ਸਹੀ ਨਹੀ ਹੈ। ਜੇ ਕਿਸੇ ਵਿਅਕਤੀ ਨੇ ਵਸੀਅਤ ਲਿਖੀ ਹੈ ਤਾਂ ਉਸ ਦੀ ਜਾਇਦਾਦ ਦੀ ਵੰਡ ਉਸ ਦੀ ਇੱਛਾ ਅਨੁਸਾਰ ਹੁੰਦੀ ਹੈ ਅਤੇ ਜੋ ਕੋਈ ਵਿਅਕਤੀ ਬਿਨਾ ਵਸੀਅਤ ਬਣਾਏ ਇਸ ਦੁਨੀਆ ਤੋਂ ਚਲਿਆ ਜਾਂਦਾ ਹੈ ਤਾਂ ਵਿਅਕਤੀ ਦੀ ਜਾਇਦਾਦ ਦੀ ਵੰਡ ਕਾਨੂੰਨ ਅਨੁਸਾਰ ਹੁੰਦੀ ਹੈ।

ਜੇ ਮਰ ਚੁੱਕਿਆ ਮਾਲਕ ਹਿੰਦੂ ਹੈ ਤਾਂ ਹਿੰਦੂ ਉੱਤਰਾਧਿਕਾਰ ਐਕਟ ਮੁਤਾਬਕ ਉਸ ਦੀ ਜਾਇਦਾਦ ਦੀ ਵੰਡ ਕੀਤੀ ਜਾਂਦੀ ਹੈ ਅਤੇ ਜੇ ਉਹ ਮੁਸਲਿਮ ਹੈ ਤਾਂ ਅਜਿਹੀ ਸਥਿਤੀ 'ਚ 'ਮੁਸਲਿਮ ਪਰਸਨਲ ਲਾਅ' ਦੇ ਹਿਸਾਬ ਨਾਲ ਵੰਡ ਕੀਤੀ ਜਾਵੇਗੀ। ਉਦਾਹਰਨ ਲਈ 'ਹਿੰਦੂ ਲਾਅ' 'ਚ ਬੇਟੀ ਦਾ ਵੀ ਪਿਤਾ ਦੀ ਜਾਇਦਾਦ 'ਚ ਸਮਾਨ ਅਧਿਕਾਰ ਹੁੰਦਾ ਹੈ। ਇਸ ਲਈ ਜੇ ਕਿਸੇ ਹਿੰਦੂ ਦੀ ਮੌਤ ਹੁੰਦੀ ਹੈ ਅਤੇ ਉਸ ਦੀ ਕੋਈ ਵਸੀਅਤ ਨਹੀ ਹੈ ਤਾਂ ਉਸ ਦੀ ਜਾਇਦਾਦ 'ਚ ਬੇਟੀ ਦਾ ਹੱਕ ਬਣਦਾ ਹੈ। ਕਈ ਵਾਰ ਵਸੀਅਤ ਨਾ ਹੋਣ 'ਤੇ ਪਰਿਵਾਰਿਕ ਝਗੜੇ ਦੀ ਸਥਿਤੀ 'ਚ ਮਕਾਨ ਜਾਂ ਹੋਰ ਜਾਇਦਾਦ ਇਸ ਲਈ ਵੇਚਣੀ ਪੈਂਦੀ ਹੈ ਕਿ ਪਰਿਵਾਰ ਦੇ ਹੋਰ ਮੈਂਬਰਾਂ ਨੂੰ ਉਸ 'ਚ ਹਿੱਸਾ ਦਿੱਤਾ ਜਾ ਸਕੇ।

**• ਵਸੀਅਤ ਕੌਣ ਬਣਾ ਸਕਦਾ ਹੈ?**

ਤੰਦਰੁਸਤ ਦਿਮਾਗ਼ ਵਾਲਾ ਕੋਈ ਵੀ ਵਿਅਕਤੀ ਜਿਸ ਦੀ ਉਮਰ 18 ਸਾਲ ਤੋਂ ਜ਼ਿਆਦਾ ਹੋਵੇ, ਕਰ ਸਕਦੀ ਹੈ।

**• ਵਸੀਅਤ ਕਦੋਂ ਬਣਾਈਏ?**

ਵਸੀਅਤ ਕਦੇ ਵੀ ਬਣਵਾਈ ਜਾ ਸਕਦੀ ਹੈ। ਆਮਤੌਰ 'ਤੇ ਲੋਕ 50 ਸਾਲ ਦੀ ਉਮਰ 'ਚ ਵਸੀਅਤ ਬਣਾਉਂਦੇ ਹਨ। ਜੇ ਤੁਹਾਡੇ ਕੋਲ ਜਾਇਦਾਦ ਹੈ, ਜਿਸ ਜੇ ਇਕ ਤੋਂ ਜ਼ਿਆਦਾ ਹਿੱਸੇਦਾਰ ਹਨ ਤਾਂ ਵਸੀਅਤ ਫੌਰਨ ਬਣਵਾਉਣੀ ਚਾਹੀਦੀ ਹੈ।

### ਕੁਝ ਖ਼ਾਸ ਹਾਲਾਤ 'ਚ

ਜੇ ਵਸੀਅਤ ਕਰਨ ਵਾਲੇ ਵਿਅਕਤੀ ਤੋਂ ਪਹਿਲਾਂ ਕਿਸੇ ਗਵਾਹ ਦੀ ਮੌਤ ਹੋ ਜਾਵੇ ਤਾਂ ਵਸੀਅਤ ਦੁਬਾਰਾ ਬਣਵਾਉਣੀ ਚਾਹੀਦੀ ਹੈ। ਅਜਿਹਾ ਕਰਦੇ ਸਮੇਂ ਪਹਿਲੀ ਵਸੀਅਤ ਕੈਂਸਲ ਕੀਤੇ ਜਾਣ ਦਾ ਜ਼ਿਕਰ ਜ਼ਰੂਰ ਕਰੋ। ਵਸੀਅਤ ਜੇ ਗੁਆਚ ਜਾਵੇ ਤਾਂ ਵੀ ਦੁਬਾਰਾ ਵਸੀਅਤ ਕਰਵਾਓ। ਬਿਹਤਰ ਹੈ ਕਿ ਉਸ 'ਚ ਥੋੜ੍ਹਾ ਫੇਰਬਦਲ ਕਰੋ, ਤਾਂ ਕਿ ਪਹਿਲੀ ਵਸੀਅਤ ਕੈਂਸਲ ਮੰਨ ਲਈ ਜਾਵੇ। ਜੇ ਵਸੀਅਤ ਕਰਨ ਵਾਲੇ ਦੀ ਮੌਤ ਅਤੇ ਗਵਾਹ ਦੀ ਮੌਤ ਇਕੋ ਸਮੇਂ ਹੋ ਜਾਵੇ ਤਾਂ ਵਸੀਅਤ ਕਰਨ ਵਾਲੇ ਅਤੇ ਗਵਾਹ ਦੀ ਲਿਖਾਈ ਹੀ ਉਸ ਦਾ ਸਬੂਤ ਹੈ।

- ਵਸੀਅਤ 'ਤੇ ਜੇ ਕੋਈ ਸਵਾਲ ਨਹੀ ਉਠਾਉਂਦਾ ਤਾਂ ਠੀਕ ਹੈ ਪਰ ਜੇ ਇਸ ਮਾਮਲੇ 'ਚ ਕੋਈ ਅਦਾਲਤ ਦਾ ਦਰਵਾਜ਼ਾ ਖੜਕਾਉਂਦਾ ਹੈ ਤਾਂ ਕਾਨੂੰਨਨ ਪੂਰੇ ਮਾਮਲੇ ਦੀ ਪੜਤਾਲ ਕੀਤੀ ਜਾਵੇ।

### ਟੈਕਸ ਪਲਾਨਿੰਗ

*ਜੇ ਵਸੀਅਤ ਬਣਾਉਂਦੇ ਸਮੇਂ ਤੁਸੀ ਆਪਣੇ ਸਲਾਹਕਾਰ ਦੀ ਸਹਾਇਤਾ ਲੈਂਦੇ ਹੋ ਤਾਂ ਵਸੀਅਤ ਨਾਲ ਟੈਕਸ ਪਲਾਨਿੰਗ ਕੀਤੀ ਜਾ ਸਕਦੀ ਹੈ। ਉਦਾਹਰਨ ਲਈ ਐੱਚਯੂਐੱਫ (ਸੰਯੁਕਤ ਹਿੰਦੂ ਪਰਿਵਾਰ) ਨੂੰ ਜਾਇਦਾਦ ਟ੍ਰਾਂਸਫਰ ਕਰ ਕੇ ਉਸ ਜਾਇਦਾਦ ਤੋਂ ਹੋਣ ਵਾਲੀ ਕਿਰਾਏ ਦੀ ਆਮਦਨ ਨੂੰ ਐੱਚਯੂਐੱਫ ਦੇ ਹੱਥਾਂ 'ਚ ਟੈਕਸੇਬਲ ਕੀਤਾ ਜਾ ਸਕਦਾ ਹੈ। ਵਸੀਅਤ ਜ਼ਰੀਏ ਜਾਇਦਾਦ ਨੂੰ ਜੇ ਕੋਈ ਵਿਅਕਤੀ ਪਰਿਵਾਰ ਦੀ ਕਿਸੇ ਔਰਤ ਮੈਂਬਰ ਦੇ ਨਾਂ 'ਤੇ ਟ੍ਰਾਂਸਫਰ ਕਰ ਸਕਦਾ ਹੈ ਤਾਂ ਮੌਤ ਤੋਂ ਬਾਅਦ ਉਸ ਤੋਂ ਹੋਣ ਵਾਲੀ ਕਿਰਾਏ ਦੀ ਆਮਦਨ ਉਸ ਔਰਤ ਕਰਦਾਤਾ ਦੇ ਹੱਥ 'ਚ ਕਰ ਯੋਗ ਹੋਵੇਗੀ। ਵਸੀਅਤ ਇਸ ਤਰ੍ਹਾਂ ਲਿਖੀ ਜਾਵੇ ਕਿ ਉੱਤਰਾਧਿਕਾਰੀਆਂ ਨੂੰ ਭਵਿੱਖ 'ਚ ਹੋਣ ਵਾਲੀ ਆਮਦਨ 'ਤੇ ਘੱਟ ਤੋਂ ਘੱਟ ਟੈਕਸ ਲੱਗੇ।*

### ਰੱਖੋ ਧਿਆਨ

- ਵਸੀਅਤ ਸਿੱਧੀ ਅਤੇ ਸਰਲ ਭਾਸ਼ਾ 'ਚ ਲਿਖਣੀ ਚਾਹੀਦੀ ਹੈ ਤਾਂ ਕਿ ਵਸੀਅਤ ਕਰਤਾ ਦਾ ਉਦੇਸ਼ ਸਪੱਸ਼ਟ ਹੋ ਜਾਵੇ ਤੇ ਭਵਿੱਖ 'ਚ ਕਿਸੇ ਤਰ੍ਹਾਂ ਦੀ ਮੁਸ਼ਕਿਲ ਦੀ ਸਥਿਤੀ ਨਾ ਬਣੇ।
- ਵਸੀਅਤ ਕਰਨ ਵਾਲੇ ਵਿਅਕਤੀ ਨੂੰ ਇਸ ਦੇ ਹਰ ਪੇਜ 'ਤੇ ਦਸਤਖ਼ਤ ਕਰਨੇ ਜ਼ਰੂਰੀ ਹੁੰਦੇ ਹਨ ਤੇ ਨਾਲ ਹੀ ਜੇ ਵਸੀਅਤ ਸਾਧਾਰਨ ਪੇਪਰ 'ਤੇ ਲਿਖੀ ਗਈ ਹੈ ਤਾਂ ਇਹ ਵਧੀਆ ਹੋਵੇਗਾ ਕਿ ਗਵਾਹਾਂ ਦੇ ਦਸਤਖ਼ਤ ਵੀ ਹਰ ਪੇਜ 'ਤੇ ਹੋਣ।
- ਵਸੀਅਤ 'ਚ ਦੋ ਗਵਾਹ ਹੋਣੇ ਬਹੁਤ ਜ਼ਰੂਰੀ ਹਨ। ਗਵਾਹ ਜਾਣਕਾਰ ਵਿਅਕਤੀਆਂ ਨੂੰ ਹੀ ਬਣਾਉਣਾ ਚਾਹੀਦਾ ਹੈ ਜੋ ਸਮੇਂ 'ਤੇ ਮੌਜੂਦ ਹੋ ਸਕੇ। ਇਸ ਮਾਮਲੇ 'ਚ ਇਹ ਮਹੱਤਵਪੂਰਨ ਹੈ ਕਿ ਗਵਾਹ ਅਜਿਹਾ ਵਿਅਕਤੀ ਨਾ ਹੋਵੇ, ਜਿਸ ਨੂੰ ਖ਼ੁਦ ਵਸੀਅਤ 'ਚ ਕੋਈ ਜਾਇਦਾਦ ਜਾਂ ਹਿੱਸਾ ਮਿਲ ਰਿਹਾ ਹੋਵੇ।
- ਤੁਸੀ ਆਨ-ਲਾਈਨ ਵੀ ਵਸੀਅਤ ਬਣਾ ਸਕਦੇ ਹੋ। ਅੱਜ-ਕੱਲ੍ਹ ਕਈ ਕੰਪਨੀਆਂ ਆਨ-ਲਾਈਨ ਵਸੀਅਤ ਬਣਾਉਣ ਦੀ ਸਰਵਿਸ ਦੇ ਰਹੀ ਹੈ।
- ਤੁਸੀ ਜਿਸ ਨੂੰ ਆਪਣਾ ਗਵਾਹ ਬਣਾ ਰਹੇ ਹੋ ਕੋਸ਼ਿਸ਼ ਕਰੋ ਕਿ ਉਹ ਤੁਹਾਡੇ ਪੱਖ ਲੈਣ ਵਾਲਾ ਹੋਵੇ।
- ਕਈ ਲੋਕ ਵਸੀਅਤ ਦੇ ਸਥਾਨ 'ਤੇ ਤੋਹਫ਼ੇ ਜਾਂ ਦਾਨ ਪੱਤਰ ਕਰ ਦਿੰਦੇ ਹਨ। ਅਜਿਹਾ ਭੁੱਲ ਕੇ ਵੀ ਨਾ ਕਰੋ ਨਹੀ ਤਾਂ ਤੁਸੀ ਖ਼ੁਦ ਦੀ ਜਾਇਦਾਦ ਤੋਂ ਬੇਦਖ਼ਲ ਹੋ ਸਕਦੇ ਹੋ।
- ਰਜਿਸਟਰਡ ਵਸੀਅਤ 'ਚ ਤਬਦੀਲੀ ਬਹੁਤ ਮੁਸ਼ਕਿਲ ਹੁੰਦੀ ਹੈ। ਜੇ ਤੁਸੀ ਇਸ 'ਚ ਤਬਦੀਲੀ ਕਰਵਾਓਗੇ ਤਾਂ ਦੁਬਾਰਾ ਵਸੀਅਤ ਨੂੰ ਰਜਿਸਟਰ ਕਰਵਾਉਣਾ ਹੋਵੇਗਾ।

**• ਕਿਹੜੀ ਜਾਇਦਾਦ ਸ਼ਾਮਿਲ ਕਰੀਏ?**

ਸਭ ਤੋਂ ਪਹਿਲਾਂ ਤੁਹਾਨੂੰ ਆਪਣੀ ਪੂਰੀ ਜਾਇਦਾਦ ਅਤੇ ਦੇਣਦਾਰੀ ਦੀ ਲਿਸਟ ਬਣਾ ਲੈਣੀ ਚਾਹੀਦੀ ਹੈ। ਇਸ 'ਚ ਸਾਰੀਆਂ ਚੱਲ-ਅਚੱਲ ਜਾਇਦਾਦਾਂ, ਨਿਵੇਸ਼ ਅਤੇ ਸ਼ੇਅਰਜ਼ ਸ਼ਾਮਿਲ ਕਰੋ ਕਿਉਂਕਿ ਵਸੀਅਤ 'ਚ ਜੇ ਸਾਰੀ ਜਾਇਦਾਦ ਸ਼ਾਮਿਲ ਨਹੀ ਹੋਵੇਗੀ ਜਾਂ ਜਿਸ ਜਾਇਦਾਦ ਦਾ ਜ਼ਿਕਰ ਵਸੀਅਤ 'ਚ ਨਹੀ ਹੋਵੇਗਾ, ਉਸ ਦੀ ਵੰਡ ਕਾਨੂੰਨ ਮੁਤਾਬਕ ਹੋਵੇਗੀ। ਵਸੀਅਤ 'ਚ ਅਜਿਹੇ ਸਾਰੇ ਰਿਸ਼ਤੇਦਾਰਾਂ ਜਾਂ ਪਰਿਵਾਰ ਦੇ ਮੈਂਬਰਾਂ ਦੀ ਲਿਸਟ ਹੋਣੀ ਚਾਹੀਦੀ ਹੈ, ਜਿਸ ਦੇ ਹੱਕ 'ਚ ਵਸੀਅਤ ਲਿਖਣ ਦੀ ਇੱਛਾ ਹੋਵੇ। ਵਸੀਅਤ ਬਣਵਾਉਂਦੇ ਸਮੇਂ ਕਿਸੇ ਮੈਂਬਰ ਨੂੰ ਕਿਹੜੀ ਜਾਇਦਾਦ ਅਤੇ ਕਿਸ ਅਨੁਪਾਤ 'ਚ ਦੇਣੀ ਚਾਹੀਦੀ ਹੈ, ਇਸ ਗੱਲ ਦਾ ਜ਼ਿਕਰ ਜ਼ਰੂਰ ਹੋਣਾ ਚਾਹੀਦਾ ਹੈ।

### ਕਿਸ ਫਾਰਮੇਟ 'ਚ ਬਣਾਉਣੀ ਚਾਹੀਦੀ ਹੈ?

ਵਸੀਅਤ ਦਾ ਕੋਈ ਫਿਕਸ ਫਾਰਮੇਟ ਨਹੀ ਹੈ ਤੇ ਨਾਲ ਹੀ ਵਸੀਅਤ ਦਾ ਰਜਿਸਟਰਡ ਹੋਣਾ ਜ਼ਰੂਰੀ ਨਹੀ ਹੈ। ਇਹ ਇਕ ਸਾਧਾਰਨ ਪਲੇਨ ਪੇਪਰ 'ਤੇ ਵੀ ਲਿਖੀ ਜਾ ਸਕਦੀ ਹੈ। ਇਸ ਨੂੰ ਕਿਸੇ ਸਟੈਂਪ ਪੇਪਰ 'ਤੇ ਜਾਂ ਲੀਗਲ ਪੇਪਰ 'ਤੇ ਲਿਖਣਾ ਜ਼ਰੂਰੀ ਨਹੀ ਹੁੰਦਾ। ਇਕ ਸਾਧਾਰਨ ਵਸੀਅਤ ਵੀ ਰਜਿਸਟਰਡ ਵਸੀਅਤ ਜਿੰਨਾ ਹੀ ਮਹੱਤਵ ਰੱਖਦੀ ਹੈ ਪਰ ਸੁਝਾਅ ਹੈ ਕਿ ਵਸੀਅਤ ਜੇ ਸਟੈਂਪ ਪੇਪਰ 'ਤੇ ਹੋਵੇ ਤਾਂ ਭਵਿੱਖ 'ਚ ਜੇ ਕੋਈ ਵਿਅਕਤੀ ਇਹ ਕਲੇਮ ਕਰਦਾ ਹੈ ਕਿ ਵਸੀਅਤ ਮਰਨ ਤੋਂ ਬਾਅਦ ਲਿਖੀ ਗਈ ਹੈ ਤਾਂ ਸਟੈਂਪ ਜਾਰੀ ਕਰਨ ਦੀ ਤਰੀਕ ਇਹ ਸਾਬਿਤ ਕਰਨ 'ਚ ਮਦਦਗਾਰ ਹੋ ਸਕਦੀ ਹੈ। ਜੇ ਵਸੀਅਤ ਨੂੰ ਰਜਿਸਟਰ ਕੀਤਾ ਜਾਂਦਾ ਹੈ ਅਤੇ ਹੋਰ ਵੀ ਇੱਛਾ ਹੈ। ਇਸ ਨੂੰ ਰਜਿਸਟਰ ਕਰਨ ਦੀ ਲਾਗਤ 'ਚ ਘੱਟ ਤੋਂ ਘੱਟ ਹੁੰਦੀ ਹੈ ਅਤੇ ਇਹ ਕੰਮ ਰਜਿਸਟਰ ਆਫ਼ਿਸ 'ਚ ਹੁੰਦਾ ਹੈ। ਜੇ ਵਸੀਅਤ ਗੁਆਚ ਜਾਵੇ ਤਾਂ ਇਸ ਦੀ ਕਾਪੀ ਰਜਿਸਟਰ ਆਫ਼ਿਸ ਤੋਂ ਲਈ ਜਾ ਸਕਦੀ ਹੈ। •




### ਉਸਾਰੀ

ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫ਼ੇਅਰ ਬੋਰਡ ਦਾ ਗਠਨ ਪੰਜਾਬ ਸਰਕਾਰ ਨੇ ਮਿਤੀ 30.4.2009 ਨੂੰ ਕੀਤਾ ਹੈ। ਬੋਰਡ ਦਾ ਮੁੱਖ ਮੰਤਵ ਪੰਜਾਬ ਰਾਜ ਵਿਚ ਉਸਾਰੀ ਦੇ ਕੰਮਾਂ ਵਿਚ ਲੱਗੇ ਕਿਰਤੀਆਂ ਨੂੰ ਰਜਿਸਟਰ ਕਰਨਾ ਹੈ ਅਤੇ ਉਹਨਾਂ ਨੂੰ ਸਮਾਜ ਭਲਾਈ ਸਕੀਮਾਂ ਦਾ ਲਾਭ ਦੁਆਉਣਾ ਹੈ। ਕੋਈ ਵੀ ਕਿਰਤੀ 25 ਰੁਪਏ ਦੀ ਰਜਿਸਟਰੇਸ਼ਨ ਫੀਸ ਫਾਰਮ ਨੰਬਰ 28 ਨਾਲ ਲਗਾ ਕੇ ਜ਼ਿਲ੍ਹਾ ਲੇਬਰ ਇੰਸਪੈਕਟਰ ਕੋਲ ਜਮ੍ਹਾਂ ਕਰਵਾ ਕੇ ਇਸ ਦਾ ਮੈਂਬਰ ਬਣ ਸਕਦਾ ਹੈ।

ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰ ਵੈਲਫ਼ੇਅਰ ਬੋਰਡ ਦੀਆਂ ਸਕੀਮਾਂ ਲਈ ਹੇਠ ਲਿਖੇ ਫਾਰਮ ਵਰਤੇ ਜਾਂਦੇ ਹਨ। ਫਾਰਮਾਂ ਦੀ ਕਾਪੀ ਲੇਬਰ ਜ਼ਿਲ੍ਹਾ ਕਮਿਸ਼ਨਰ/ਜ਼ਿਲ੍ਹਾ ਲੇਬਰ ਇੰਸਪੈਕਟਰ ਦੇ ਆਫ਼ਿਸ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

ਫਾਰਮ ਨੰ. 26- ਮੈਂਬਰ ਰਜਿਸਟਰ ਕਰਨ ਲਈ ਅਰਜ਼ੀ ਫਾਰਮ, 29- ਪਰਿਵਾਰਕ ਮੈਂਬਰਾਂ ਦੀ ਰਜਿਸਟਰੇਸ਼ਨ ਲਈ, 34- ਬੱਚਿਆਂ ਦੇ ਵਜ਼ੀਫ਼ੇ ਪ੍ਰਾਪਤ ਕਰਨ ਲਈ, 34 ਏ- ਸਾਇਕਲ ਸਕੀਮ ਦਾ ਲਾਭ ਲੈਣ ਲਈ, 35- ਸ਼ਗਨ ਸਕੀਮ ਦਾ ਲਾਭ ਲੈਣ ਲਈ, 36- ਮੁਫ਼ਤ ਧਾਰਮਿਕ ਯਾਤਰਾ ਦਾ ਲਾਭ ਲੈਣ ਲਈ, 37- ਕਿਰਤੀ ਦੀ ਮੌਤ ਹੋਣ ਤੇ ਬੀਮਾ ਲਾਭ ਲਈ, 37- ਕਿਰਤੀ ਦੀ ਮੌਤ ਹੋਣ ਤੇ ਬੀਮਾ ਲਾਭ ਲਈ, 38- ਕੰਮ ਦੌਰਾਨ ਲੱਗੀ ਬਿਮਾਰੀ ਦੇ ਮੁਫ਼ਤ ਇਲਾਜ ਲਈ, 39- ਕਿਰਤੀ ਦੀ ਮੌਤ ਹੋਣ ਦੇ ਅੰਤਿਮ ਕ੍ਰਿਆ ਤੇ ਹੋਣ ਵਾਲੇ ਖ਼ਰਚੇ ਦਾ ਪੈਸੇ ਲੈਣ ਲਈ ਸਰਜਰੀ ਦਾ ਖ਼ਰਚਾ ਪ੍ਰਾਪਤ ਕਰਨ ਲਈ, 42,42ਏ, 42 ਬੀ- ਪੈਨਸ਼ਨ ਲਗਾਉਣ ਲਈ, 46- ਬੱਚਾ ਪੈਦਾ ਹੋਣ ਤੇ ਵਿੱਤੀ ਸਹਾਇਤਾ ਲਈ, 47- ਟੂਲ ਕਿਟ ਖ਼ਰੀਦਣ ਲਈ, 49- ਲੜਕੀ ਪੈਦਾ ਹੋਣ ਤੇ 51,000/- ਰੁ. ਦੀ ਸਰਕਾਰੀ ਐਫ.ਡੀ.ਦਾ ਲਾਭ ਲੈਣ ਲਈ

**ਕੌਣ ਬਣ ਸਕਦਾ ਹੈ ਲਾਭਪਾਤਰੀ?**

ਹਰੇਕ ਕਿਰਤੀ ਬੋਰਡ ਦਾ ਲਾਭਪਾਤਰੀ ਬਣ ਸਕਦਾ ਹੈ ਜੇਕਰ ਉਹ :

- ਰਾਜ ਮਿਸਤਰੀ/ਇੱਟਾਂ/ਸੀਮਿੰਟ ਪਕੜਾਉਣ ਵਾਲੇ ਮਜ਼ਦੂਰ, ਪਲੰਬਰ, ਤਰਖਾਣ, ਵੈਲਡਰ, ਇਲੈਕਟ੍ਰੀਸ਼ਨ, ਸੀਵਰਮੈਨ, ਮਾਰਬਲ/ਟਾਇਲਾਂ ਲਗਾਉਣ ਵਾਲੇ, ਫਰਸ ਰਗੜਾਈ ਵਾਲੇ, ਪੇਂਟਰ, ਪੀ.ਓ.ਪੀ. ਕਰਨ ਵਾਲੇ, ਸੜਕਾਂ ਬਣਾਉਣ, ਉਸਾਰੀ ਕੰਮ ਨਾਲ ਸੰਬੰਧਿਤ ਤਕਨੀਕੀ/ਕਲੈਰੀਕਲ ਕੰਮ ਆਦਿ ਕਰਨ ਵਾਲੇ ਹੋ ਅਤੇ ਕਿਸੇ ਸਰਕਾਰੀ ਅਰਧ ਸਰਕਾਰੀ ਜਾਂ ਪ੍ਰਾਈਵੇਟ ਅਦਾਰੇ ਵਿਚ ਇਮਾਰਤਾਂ, ਸੜਕਾਂ, ਨਹਿਰਾਂ, ਬਿਜਲੀ ਦੇ ਉਤਪਾਦਨ ਵੰਡ, ਸਿੰਚਾਈ, ਪਾਣੀਆਂ ਦੀ ਵੰਡ ਜਾਂ ਨਿਕਾਸੀ, ਟੈਲੀਫੋਨ, ਤਾਰ, ਰੇਡੀਓ, ਰੇਲ, ਹਵਾਈ ਅੱਡੇ ਆਦਿ ਵਿਖੇ ਉਸਾਰੀ ਮੁਰੰਮਤ, ਰੱਖ ਰਖਾਵ ਜਾਂ ਤੋੜਫੋੜ ਦੇ ਕੰਮ ਲਈ ਕੁਸ਼ਲ, ਅਰਧ-ਕੁਸ਼ਲ ਕਾਰੀਗਰ ਜਾਂ ਸੁਪਰਵਾਈਜ਼ਰ ਦੇ ਤੌਰ 'ਤੇ ਤਨਖਾਹ ਜਾਂ ਮਿਹਨਤਾਨਾ ਲੈ ਕੇ ਕੰਮ ਕਰਦਾ ਹੈ, ਭੱਠਿਆਂ ਤੇ ਪਥੇਰ, ਕੱਚੀ ਇੱਟ ਦੀ ਭਰਾਈ ਕਰਨ, ਟੈਂਟ ਲਗਾਉਣ ਦਾ ਕੰਮ, ਹੋਰਡਿੰਗ, ਬੈਨਰ ਬਣਾਉਣ ਦਾ ਕੰਮ ਅਤੇ ਮਨਰੇਗਾ ਸਕੀਮ ਦੀ ਉਸਾਰੀ ਦਾ ਕੰਮ ਕਰਦਾ ਹੋਵੇ;
- ਜੇਕਰ ਉਸ ਦੀ ਉਮਰ 18 ਤੋਂ 60 ਸਾਲ ਦੇ ਵਿਚਕਾਰ ਹੈ ਅਤੇ ਪਿਛਲੇ 12 ਮਹੀਨਿਆਂ ਦੌਰਾਨ ਪੰਜਾਬ ਵਿੱਚ 90 ਦਿਨ ਬਤੌਰ ਉਸਾਰੀ ਕਿਰਤੀ (ਮਨਰੇਗਾ ਕਿਰਤੀ ਵਜੋਂ ਉਸਾਰੀ ਕੰਮਾਂ ਵਿਚ ਸਾਲ ਦੌਰਾਨ 50 ਦਿਨ) ਕੰਮ ਕੀਤਾ ਹੋਵੇ :
- ਕਿਰਤੀ ਆਪਣੀ ਅਰਜ਼ੀ ਹਲਕੇ ਦੇ ਸਹਾਇਕ ਕਿਰਤ ਕਮਿਸ਼ਨਰ/ਕਿਰਤ ਤੇ ਸੁਲਾਹ ਅਫਸਰ ਜਾਂ ਕਿਰਤ ਇੰਸਪੈਕਟਰ ਨੂੰ ਦੇਵੇ ਜਿਸ ਨਾਲ 25/- ਰੁ. ਰਜਿਸਟ੍ਰੇਸ਼ਨ ਫੀਸ (ਕੇਵਲ ਇਕ ਵਾਰ), ਅੰਸ਼ਦਾਨ 10/- ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ, ਆਧਾਰ ਕਾਰਡ ਦੀ ਕਾਪੀ ਅਤੇ ਬੈਂਕ ਡਿਟੇਲ ਆਦਿ ਲਗਾਈ ਹੋਵੇ।

### ੲ) ਵਿਅਕਤੀਗਤ ਲਾਭ ਸਕੀਮਾਂ

1. **ਵਜ਼ੀਫ਼ਾ ਸਕੀਮ :** ਬੋਰਡ ਦੇ ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚਿਆਂ ਲਈ ਪਹਿਲੀ ਕਲਾਸ ਤੋਂ ਡਿਗਰੀ ਕਲਾਸਾਂ ਅਤੇ ਉਚੇਰੀ ਸਿੱਖਿਆ ਲਈ 3,000/-ਰੁ. ਤੋਂ ਲੈ ਕੇ 70,000/-ਰੁ. ਸਾਲਾਨਾ ਵਜ਼ੀਫ਼ਾ ਸਕੀਮ।

**ਨੋਟ :** ਜੇ ਲਾਭਪਾਤਰੀ ਵਜ਼ੀਫ਼ਾ ਸਕੀਮ ਅਧੀਨ ਪੰਜਾਬ ਸਰਕਾਰ ਦੀ ਕਿਸੇ ਹੋਰ ਸੰਸਥਾ ਪਾਸੋਂ ਅਜਿਹਾ ਲਾਭ ਲੈ ਰਿਹਾ ਹੋਵੇ ਤਾਂ ਵੀ ਬੋਰਡ ਪਾਸੋਂ ਅਜਿਹਾ ਲਾਭ ਪ੍ਰਾਪਤ ਕਰ ਸਕਦਾ ਹੈ।

2. **ਐਲ.ਟੀ.ਸੀ ਸਕੀਮ :** ਪੰਜੀਕ੍ਰਿਤ ਉਸਾਰੀ ਕਿਰਤੀਆਂ ਨੂੰ ਧਾਰਮਿਕ/ਇਤਿਹਾਸਿਕ/ਹੋਮਟਾਊਨ ਜਾਣ ਲਈ 2,000/- ਰੁਪਏ ਦੀ ਐਲ.ਟੀ.ਸੀ. ਦੀ ਰਾਸ਼ੀ ਹਰ ਦੋ ਸਾਲ ਬਾਅਦ ਦਿੱਤੀ ਜਾਂਦੀ ਹੈ।
3. **ਐਕਸਗ੍ਰੇਸ਼ੀਆ ਸਕੀਮ :** 1. ਪੰਜੀਕ੍ਰਿਤ ਲਾਭ ਦੀ ਪੂਰਨ ਅਪੰਗਤਾ (100%) ਹੋਣ ਤੇ ਜਾਂ ਦੁਰਘਟਨਾ ਵਿਚ ਮੌਤ ਹੋਣ ਦੀ ਸੂਰਤ ਵਿਚ 5 ਲੱਖ ਰੁਪਏ ਦੀ ਰਾਸ਼ੀ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਸਕੀਮ ਅਧੀਨ ਦਿੱਤੀ ਜਾਂਦੀ ਹੈ।

2. ਕੁਦਰਤੀ ਮੌਤ ਹੋਣ ਦੀ ਸੂਰਤ ਵਿਚ 3 ਲੱਖ ਰੁਪਏ ਦੀ ਐਕਸਗ੍ਰੇਸ਼ੀਆ ਮਦਦ ਦਿੱਤੀ ਜਾਂਦੀ ਹੈ।

3. ਆਂਸ਼ਿਕ ਅਪੰਗਤਾ ਹੋਣ ਤੇ ਪੰਜੀਕ੍ਰਿਤ ਲਾਭਪਾਤਰੀ ਇਸ ਸਕੀਮ ਤਹਿਤ ਮਿਲਣ ਵਾਲੀ ਰਾਸ਼ੀ ਹਰੇਕ ਇਕ ਪ੍ਰਤੀਸ਼ਤ ਅਪੰਗਤਾ ਦੀ ਰਾਸ਼ੀ 4000/- ਰੁਪਏ ਹੋਵੇਗੀ ਜੋ 4 ਲੱਖ ਤੱਕ ਜਾ ਸਕਦੀ ਹੈ।

4. **ਸ਼ਗਨ ਸਕੀਮ :** ਰਜਿਸਟਰਡ ਉਸਾਰੀ ਕਿਰਤੀਆਂ ਦੀਆਂ 2 ਲੜਕੀਆਂ ਤੱਕ ਦੀ ਸ਼ਾਦੀ ਲਈ ਹਰੇਕ ਲੜਕੀ ਦੀ ਸ਼ਾਦੀ ਦੇ ਮੌਕੇ ਤੇ 31,000/- ਰੁਪਏ ਸ਼ਗਨ ਦੀ ਰਾਸ਼ੀ ਦਿੱਤੀ ਜਾਵੇਗੀ। ਜੇਕਰ ਲੜਕੀ ਖ਼ੁਦ ਵੀ ਰਜਿਸਟਰਡ ਲਾਭਪਾਤਰੀ ਹੈ ਤਾਂ ਉਸ ਦੀ ਆਪਣੀ ਸ਼ਾਦੀ ਲਈ ਵੀ ਇਸ ਸਕੀਮ ਅਧੀਨ ਸ਼ਗਨ ਦੀ ਰਾਸ਼ੀ ਦਿੱਤੀ ਜਾਵੇਗੀ।

**ਨੋਟ :** ਜੇਕਰ ਲਾਭਪਾਤਰੀ ਵੀਜ਼ਫ਼ਾ ਸਕੀਮ ਅਧੀਨ ਪੰਜਾਬ ਸਰਕਾਰ ਦੀ ਕਿਸੇ ਹੋਰ ਸੰਸਥਾ ਪਾਸੋਂ ਅਜਿਹਾ ਲਾਭ ਲੈ ਰਿਹਾ ਹੋਵੇ ਤਾਂ ਵੀ ਬੋਰਡ ਪਾਸੋਂ ਅਜਿਹਾ ਲਾਭ ਪ੍ਰਾਪਤ ਕਰ ਸਕਦਾ ਹੈ।

5. ਦਾਹ ਸੰਸਕਾਰ ਅਤੇ ਅੰਤਮ ਕ੍ਰਿਆ ਕ੍ਰਮ ਲਈ ਵਿੱਤੀ ਸਹਾਇਤਾ: ਉਸਾਰੀ ਕਿਰਤੀਆਂ ਅਤੇ ਪ੍ਰੀਵਾਰਕ ਮੈਂਬਰਾਂ ਲਈ ਪੰਜਾਬ ਰਾਜ ਵਿਚ ਦਾਹ ਸੰਸਕਾਰ ਅਤੇ ਕ੍ਰਿਆ ਕ੍ਰਮ ਕਰਨ ਲਈ 20,000 ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ।
6. **ਜਨਰਲ ਸਰਜਰੀ :** ਬੋਰਡ ਦੇ ਲਾਭਪਾਤਰੀਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਲਈ ਜਨਰਲ ਸਰਜਰੀ ਸਕੀਮ ਅਧੀਨ 50,000/- ਰੁਪਏ ਤੱਕ ਵਿੱਤੀ ਸਹਾਇਤਾ।
7. **ਬਿਮਾਰੀਆਂ ਲਈ ਵਿੱਤੀ ਸਹਾਇਤਾ :** ਉਸਾਰੀ ਕੰਮਾਂ ਵਿਚ ਲੱਗੇ ਲਾਭਪਾਤਰੀ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਵਾਸਤੇ ਨਿਰਧਾਰਿਤ 16 ਖਤਰਨਾਕ ਬਿਮਾਰੀਆਂ ਦੇ ਇਲਾਜ ਦੇ ਖਰਚੇ ਸੰਬੰਧੀ 1,00,000/- ਤੱਕ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ।

**ਨੋਟ :** ਹਰੇਕ ਲਾਭਪਾਤਰੀ ਜੋ ਇਸ ਸਕੀਮ ਅਧੀਨ ਲਾਭ ਉਠਾਣਾ ਚਾਹੁੰਦਾ ਹੈ ਤਾਂ ਉਸ ਨੂੰ ਪਹਿਲਾਂ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਅਧੀਨ ਜਾਰੀ ਹੈਲਥ ਕਾਰਡ ਦੀ ਸਹੂਲਤ ਨਾਲ 50,000/- ਰੁਪਏ ਦਾ ਲਾਭ ਖਤਮ ਕਰਨਾ ਹੋਵੇਗਾ ਤਾਂ ਹੀ ਉਹ ਇਸ ਸਕੀਮ ਅਧੀਨ ਬਾਕੀ ਬਚਦੀ ਰਕਮ ਦਾ ਲਾਭ ਪ੍ਰਾਪਤ ਕਰ ਸਕਦਾ ਹੈ।

8. **ਪ੍ਰਸੂਤਾ ਲਾਭ ਸਕੀਮ :** ਉਸਾਰੀ ਕੰਮਾਂ ਵਿਚ ਲੱਗੇ ਪੰਜੀਕ੍ਰਿਤ ਲਾਭਪਾਤਰੀ 'ਇਸਤਰੀ ਕਿਰਤੀ' ਨੂੰ ਹਰੇਕ ਜਨੇਪੇ ਦੇ ਸਮੇਂ 21,000/- ਰੁਪਏ ਅਤੇ ਪੁਰਸ਼ ਲਾਭਪਾਤਰੀ ਨੂੰ ਉਸਦੀ ਇਸਤਰੀ ਦੇ ਜਨੇਪੇ ਸਮੇਂ 5,000/- ਰੁਪਏ ਪ੍ਰਤੀ ਜਨੇਪਾ (ਵੱਧ ਤੋਂ ਵੱਧ ਦੋ ਜਨੇਪਿਆਂ ਲਈ) ਦੇ ਹਿਸਾਬ ਨਾਲ ਪ੍ਰਸੂਤਾ ਲਾਭ ਦਿੱਤਾ ਜਾਂਦਾ ਹੈ।
9. **ਐਨਕ /ਦੰਦ ਅਤੇ ਸੁਣਨਯੰਤਰ ਲਈ ਵਿੱਤੀ ਸਹਾਇਤਾ ਸਕੀਮ :** ਲਾਭਪਾਤਰੀ ਅਤੇ ਉਨ੍ਹਾਂ ਦੇ ਪ੍ਰੀਵਾਰਕ ਮੈਂਬਰਾਂ ਲਈ ਐਨੇਕਾਂ, ਦੰਦ ਅਤੇ ਸੁਣਨ ਯੰਤਰ ਲਗਾਉਣ ਲਈ ਕ੍ਰਮਵਾਰ (800/-, 5000/- ਅਤੇ 6000/-) ਰੁਪਏ ਦੀ ਵਿੱਤੀ ਸਹਾਇਤਾ।
10. **ਉਸਾਰੀ ਕਿਰਤੀਆਂ ਲਈ ਮੁਫ਼ਤ ਸਾਇਕਲ ਸਕੀਮ :** ਹਰੇਕ ਲਾਭਪਾਤਰੀ ਜੋ ਬੋਰਡ ਪਾਸ ਘੱਟੋ-ਘੱਟ ਇਕ ਸਾਲ ਤੋਂ ਰਜਿਸਟਰਡ ਹੈ, ਨੂੰ ਬੋਰਡ ਵਲੋਂ ਮੁਫ਼ਤ ਇਕ ਸਾਇਕਲ ਦਿੱਤਾ ਜਾਂਦਾ ਹੈ। ਇਹ ਸਾਇਕਲ ਉਸ ਨੂੰ ਹਰ ਪੰਜ ਸਾਲ ਦੀ ਮੈਂਬਰਸ਼ਿਪ ਉਪਰੰਤ ਮਿਲੇਗਾ।
11. **ਉਸਾਰੀ ਕਿਰਤੀਆਂ ਦੇ ਬੱਚਿਆਂ ਲਈ ਮੁਫ਼ਤ ਸਾਇਕਲ ਸਕੀਮ :** ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚਿਆਂ ਨੂੰ ਪੰਜਾਬ ਰਾਜ ਵਿਚ 9ਵੀਂ 12ਵੀਂ ਜਮਾਤ ਤੱਕ ਪੜ੍ਹਾਈ ਦੌਰਾਨ ਮੁਫ਼ਤ ਸਾਇਕਲ ਦਿੱਤੀ ਜਾਂਦੀ ਹੈ।

**ਨੋਟ :** ਜੇ ਲਾਭਪਾਤਰੀ ਵਜ਼ੀਫ਼ਾ ਅਧੀਨ ਪੰਜਾਬ ਸਰਕਾਰ ਦੀ ਕਿਸੇ ਹੋਰ ਸੰਸਥਾ ਪਾਸੋਂ ਅਜਿਹਾ ਲਾਭ ਲੈ ਰਿਹਾ ਹੋਵੇ ਤਾਂ ਵੀ ਬੋਰਡ ਪਾਸੋਂ ਅਜਿਹਾ ਲਾਭ ਪ੍ਰਾਪਤ ਕਰ ਸਕਦਾ ਹੈ।

12. **ਮਾਨਸਿਕ ਰੋਗ ਨਾਲ ਪੀੜਤ ਬੱਚਿਆਂ ਲਈ ਵਿੱਤੀ ਸਹਾਇਤਾ ਸਕੀਮ :** ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਮਾਨਸਿਕ ਰੋਗਾਂ ਜਾਂ ਅਪੰਗਤਾ ਨਾਲ ਗ੍ਰਸਤ ਬੱਚਿਆ (ਪੁੱਤਰ/ਪੁੱਤਰੀ) ਦੀ ਸਾਂਭ ਸੰਭਾਲ ਵਾਸਤੇ 20,000/- ਰੁਪਏ ਸਾਲਾਨਾ ਵਿੱਤੀ ਸਹਾਇਤਾ ਸਕੀਮ।
13. **ਔਜ਼ਾਰ ਖ਼ਰੀਦਣ (ਟੂਲ ਕਿਟ) ਲਈ ਸਕੀਮ :** ਪੰਜੀਕ੍ਰਿਤ ਉਸਾਰੀ ਕਿਰਤੀਆਂ ਨੂੰ ਟੂਲਜ਼ (ਔਜ਼ਾਰ) ਖ਼ਰੀਦਣ ਲਈ 5000/- ਰੁਪਏ ਦੀ ਵਿੱਤੀ ਸਹਾਇਤਾ ਸਕੀਮ ਬਸ਼ਰਤੇ ਕਿ ਉਸਨੇ ਸਕਿਲ ਅਪਗ੍ਰੇਡੇਸ਼ਨ ਜਾਂ ਆਰ.ਪੀ.ਐਲ. ਅਧੀਨ ਟ੍ਰੇਨਿੰਗ ਲਈ ਹੋਵੇ। ਉਸਾਰੀ ਕਿਰਤ ਹਰ ਤਿੰਨ ਸਾਲ ਦੀ ਮੈਂਬਰਸ਼ਿਪ ਬਾਦ ਮੁੜ ਟੂਲ ਕਿਟ ਸਕੀਮ ਦਾ ਲਾਭ ਪ੍ਰਾਪਤ ਕਰ ਸਕਦਾ ਹੈ।
14. **ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਸਕੀਮ :** ਇਸ ਸਕੀਮ ਅਧੀਨ ਲਾਭਪਾਤਰੀ ਅਤੇ ਉਸਦੇ ਪ੍ਰੀਵਾਰ ਦੇ ਮੈਂਬਰਾਂ (ਪ੍ਰੀਵਾਰ ਦੇ ਮੈਂਬਰਾਂ ਦੀ ਗਿਣਤੀ ਨਿਸ਼ਚਿਤ ਨਹੀਂ) ਲਈ ਹਰ ਸਾਲ 50,000/- ਰੁ. ਤੱਕ ਦੇ ਮੁਫ਼ਤ ਇਲਾਜ ਦੀ ਸੁਵਿਧਾ ਹੈ ਅਤੇ ਲਾਭਪਾਤਰੀ ਦੀ ਦੁਰਘਟਨਾ ਕਾਰਨ ਮੌਤ ਹੋ ਜਾਣ ਜਾਂ ਪੂਰਨ ਤੌਰ (100%) ਤੇ ਅਪੰਗ ਹੋ ਜਾਣ ਦੀ ਸੂਰਤ ਵਿਚ 5.00 ਲੱਖ ਰੁਪਏ ਦੇ ਬੀਮੇ ਦੀ ਸਹੂਲਤ ਵੀ ਦਿੱਤੀ ਜਾਵੇਗੀ।

### ਗਰੁੱਪ ਲਾਭ ਸਕੀਮ

15. **ਸਕਿਲ ਡਿਵੈਲਪਮੈਂਟ ਅਤੇ ਵੋਕੇਸ਼ਨਲ ਐਜੂਕੇਸ਼ਨ ਸਕੀਮ :** ਬੋਰਡ ਵਲੋਂ ਰਜਿਸਟਰਡ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਬੱਚਿਆਂ ਲਈ ਸਕਿਲ ਅਪਗ੍ਰੇਡੇਸ਼ਨ ਅਤੇ ਵੋਕੇਸ਼ਨਲ ਐਜੂਕੇਸ਼ਨ ਸਕੀਮ ਤਹਿਤ ਹੇਠ ਲਿਖੇ ਕਦਮ ਚੁੱਕੇ ਗਏ ਹਨ :

*ੳ) ਉਸਾਰੀ ਕਿਰਤੀਆਂ ਦੇ ਜਿਹੜੇ ਬੱਚੇ ਆਈ.ਟੀ.ਆਈ./ਪਾਲੀਟੈਕਨਿਕ ਸੰਸਥਾਵਾਂ ਵਿਚ ਸਕਿਲ ਹੁਨਰ ਕਰਦੇ ਹਨ ਉਨ੍ਹਾਂ ਦੇ ਪੂਰੇ ਕੋਰਸ ਦੀ ਫੀਸ ਅਤੇ ਉਨ੍ਹਾਂ ਦੀ ਖ਼ੁਰਾਕ ਅਤੇ ਰਿਹਾਇਸ਼ (Boarding/lodging) ਦਾ ਖਰਚਾ ਬੋਰਡ ਵਲੋਂ ਦਿੱਤਾ ਜਾਂਦਾ ਹੈ।

*ਅ) ਬੋਰਡ ਵਲੋਂ ਅੰਮ੍ਰਿਤਸਰ, ਜਲੰਧਰ, ਲੁਧਿਆਣਾ ਅਤੇ ਮੋਹਾਲੀ ਵਿਖੇ 4 ਸਕਿਲ ਡਿਵੈਲਪਮੈਂਟ ਸੈਂਟਰ ਉਸਾਰੇ ਜਾ ਰਹੇ ਹਨ। ਇਨ੍ਹਾਂ ਸਕਿਲ ਡਿਵੈਲਪਮੈਂਟ ਸੈਂਟਰਾਂ ਦੀ ਉਸਾਰੀ ਸਾਲ 2016 ਦੇ ਅੰਤ ਤੱਕ ਹੋਣ ਦੀ ਆਸ ਹੈ। ਇਨ੍ਹਾਂ ਸਕਿਲ ਸੈਂਟਰਾਂ ਤੇ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਸਕਿਲ ਟ੍ਰੇਨਿੰਗ ਦਿੱਤੀ ਜਾਵੇਗੀ।

*ੲ) ਅਗੇਤੀ ਸਿਖਲਾਈ ਦੀ ਪਛਾਣ ( Recognition of prior learning) ਪੰਜਾਬ ਸਕਿਲ ਡਿਵੈਲਪਮੈਂਟ ਮਿਸ਼ਨ ਦੀ ਨਿਗਰਾਨੀ ਅਧੀਨ ਬੋਰਡ ਵਲੋਂ ਉਸਾਰੀ ਕਿਰਤੀਆਂ ਦੀ ਉਸਾਰੀ ਦੀ ਜਗ੍ਹਾਂ ਤੇ ਹੀ ਉਨ੍ਹਾਂ ਦੀ ਕਾਰਜ ਕੁਸ਼ਲਤਾ ਵਧਾਣ ਲਈ ਸਕਿਲ ਟ੍ਰੇਨਿੰਗ ਦੇਣ ਦੀ ਸਕੀਮ ਬਣਾਈ ਗਈ ਹੈ। ਇਸ ਤਰੀਕੇ ਨਾਲ ਟ੍ਰੇਨਿੰਗ ਲੈਣ ਵਾਲੇ ਉਸਾਰੀ ਕਿਰਤੀਆਂ ਨੂੰ ਬੋਰਡ ਵਲੋਂ ਇਸ ਸਕੀਮ ਤਹਿਤ ਪ੍ਰਤੀ ਕਿਰਤੀ 35/- ਰੁਪਏ ਪ੍ਰਤੀ ਘੰਟਾ ਉਤਸ਼ਾਹ ਭੱਤਾ ਦਿੱਤਾ ਜਾਂਦਾ ਹੈ।

16. **ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰ :** ਉਸਾਰੀ ਕਿਰਤੀਆਂ ਦੇ ਕੰਮ ਦੀ ਭਾਲ ਲਈ ਖੜੇ ਹੋਣ ਲਈ ਢੁੱਕਵੀਂ ਜਗ੍ਹਾ ਤੇ ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰ ਬਣਾਣ ਲਈ ਸਕੀਮ।
17. **ਪੈਨਸ਼ਨ ਸਕੀਮ :** ਬੋਰਡ ਦੇ ਲਾਭਪਾਤਰੀਆਂ ਲਈ 60 ਸਾਲ ਦੀ ਉਮਰ ਅਤੇ 3 ਸਾਲ ਦੀ ਮੈਂਬਰਸ਼ਿਪ ਪੂਰੀ ਕਰਨ ਉਪਰੰਤ 2000/- ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦੇਣ ਦਾ ਪ੍ਰਾਵਧਾਨ ਹੈ। ਬੋਰਡ ਵਲੋਂ 1000/- ਰੁਪਏ ਫੈਮਿਲੀ ਪੈਨਸ਼ਨ ਵੀ ਦਿੱਤੀ ਜਾਂਦੀ ਹੈ। ਉਸਾਰੀ ਕਿਰਤੀ ਵਲੋਂ ਬੋਰਡ ਪਾਸ ਰਜਿਸਟਰਡ ਹੋਣ ਤੇ ਤੁਰੰਤ ਮੈਂਬਰਸ਼ਿਪ ਸਰਟੀਫ਼ਿਕੇਟ ਜਾਰੀ ਕੀਤਾ ਜਾਂਦਾ ਹੈ।
18. **ਮੋਬਾਈਲ ਲੈਬ ਸਕੀਮ :** ਨਿਰਮਾਣ ਕਾਰਜਾਂ ਵਿਚ ਕੰਮ ਕਰਦੇ ਬੋਰਡ ਦੇ ਰਜਿਸਟਰਡ ਲਾਭਪਾਤਰੀਆਂ ਅਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਦੀ ਸਿਲੀਕਾਸਿਜ਼ ਅਤੇ ਹੋਰ ਬਿਮਾਰੀਆਂ ਦਾ ਪਤਾ ਲਗਾਉਣ ਲਈ ਮੋਬਾਇਲ ਲੈਬ ਸਕੀਮ ਅਤੇ ਜੇਕਰ ਇਹ ਪਤਾ ਲੱਗ ਜਾਂਦਾ ਹੈ ਕਿ ਲਾਭਪਾਤਰੀ ਜਾਂ ਉਸਦਾ ਪ੍ਰੀਵਾਰਕ ਮੈਂਬਰ ਸਿਲੀਕਾਸਜ਼ ਬਿਮਾਰੀ ਦਾ ਸ਼ਿਕਾਰ ਹੈ ਤਾਂ ਉਸ ਦੇ ਇਲਾਜ ਲਈ ਕਿਰਤੀ ਵਲੋਂ ਖਰਚ ਕੀਤੀ 1.50 ਲੱਖ ਰੁਪਏ ਦੀ ਰਾਸ਼ੀ ਦੀ ਬੋਰਡ ਵਲੋਂ ਪ੍ਰਤੀ ਪੂਰਤੀ ਕੀਤੀ ਜਾਵੇਗੀ।

**ਨੋਟ :** ਹਰੇਕ ਲਾਭਪਾਤਰੀ ਜੋ ਇਸ ਸਕੀਮ ਅਧੀਨ ਲਾਭ ਉਠਾਣਾ ਚਾਹੁੰਦਾ ਹੈ ਤਾਂ ਉਸ ਨੂੰ ਪਹਿਲਾਂ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਅਧੀਨ ਜਾਰੀ ਹੈਲਥ ਕਾਰਡ ਦੀ ਸਹੂਲਤ ਨਾਲ 50,000/- ਰੁਪਏ ਦਾ ਲਾਭ ਖ਼ਤਮ ਕਰਨਾ ਹੋਵੇਗਾ ਤਾਂ ਹੀ ਉਹ ਇਸ ਸਕੀਮ ਅਧੀਨ ਬਾਕੀ ਬਚਦੀ ਰਕਮ ਦਾ ਲਾਭ ਖ਼ਤਮ ਕਰਨਾ ਹੋਵੇਗਾ ਤਾਂ ਹੀ ਉਹ ਇਸ ਸਕੀਮ ਅਧੀਨ ਬਾਕੀ ਬਚਦੀ ਰਕਮ ਦਾ ਲਾਭ ਪ੍ਰਾਪਤ ਕਰ ਸਕਦਾ ਹੈ।

19. **ਅਰਬਨ ਹੈਲਥ ਕਿਓਸਕ ਸਕੀਮ :** ਪੰਜਾਬ ਹੈਲਥ ਸੁਸਾਇਟੀ ਵਲੋਂ ਰਾਜ 'ਚ ਜਿਥੇ ਸਲਮ ਏਰੀਏ ਵਿਚ ਉਸਾਰੀ ਕਿਰਤੀਆਂ ਦੀ ਰਿਹਾਇਸ਼ ਜ਼ਿਆਦਾ ਹੁੰਦੀ ਹੈ ਉਥੇ ਸਿਹਤ ਵਿਭਾਗ ਦੀ ਮਦਦ ਨਾਲ 21 ਅਰਬਨ ਹੈਲਥ ਸੈਂਟਰਾਂ ਨੂੰ ਚਲਾਉਣ ਪ੍ਰਤੀ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ।
20. **ਬਾਲੜੀ ਜਨਮ ਤੋਹਫ਼ਾ ਸਕੀਮ :** ਇਸ ਸਕੀਮ ਅਧੀਨ ਉਸਾਰੀ ਕਿਰਤੀ ਦੀ ਲੜਕੀ ਦੇ ਜਨਮ ਤੇ 51,000/- ਰੁਪਏ ਦੀ ਰਾਸ਼ੀ ਲੜਕੀ ਦੇ ਨਾਮ ਤੇ ਬੈਂਕ ਵਿਚ ਬਤੌਰ ਐਫ.ਡੀ.ਆਰ ਦੀ ਸ਼ਕਲ ਵਿਚ ਉਸ ਦੇ ਵਿਆਹ ਦੀ ਉਮਰ ਤੱਕ ਜਮ੍ਹਾਂ ਰਹੇਗੀ। ਇਹ ਸਹੂਲਤ ਕੇਵਲੀ ਦੋ ਲੜਕੀਆਂ ਦੇ ਜਨਮ ਤੱਕ ਸੀਮਤ ਹੈ। ਇਸ ਬੋਰਡ ਦਾ ਮੁੱਖ ਮੰਤਵ ਪੰਜਾਬ ਰਾਜ 'ਚ ਉਸਾਰੀ ਦੇ ਕੰਮਾਂ 'ਚ ਲੱਗੇ ਕਿਰਤੀਆਂ ਨੂੰ ਰਜਿਸਟਰ ਕਰਨਾ ਹੈ ਅਤੇ ਉਨ੍ਹਾਂ ਨੂੰ ਸਮਾਜ ਭਲਾਈ ਸਕੀਮਾਂ ਦਾ ਲਾਭ ਦਿਵਾਉਣਾ ਹੈ। ਇਸ ਦੀ ਜਾਣਕਾਰੀ ਵਰਕਰਾਂ-ਕਰਮਚਾਰੀਆਂ ਨੂੰ ਹੋਣੀ ਚਾਹੀਦੀ ਹੈ।

• ਐਡਵੋਕੇਟ ਨਵਦੀਪ ਸਿੰਘ

# ਸੂਬੇ ਨੂੰ ਪਰਾਲੀ ਜਲਾਉਣ ਤੋਂ ਮੁਕਤ ਬਨਾਉਣ ਦੀ ਦਿਸ਼ਾ ਵਿਚ ਚੁੱਕੇ ਜਾਣਗੇ ਨਿਰਣਾਇਕ ਕਦਮ - ਮੁੱਖ ਸਕੱਤਰ

**ਚੰਡੀਗੜ੍ਹ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਰਾਲੀ ਜਲਾਉਣ ਅਤੇ ਇਸ ਤੋਂ ਹਵਾ ਗੁਣਵੱਤਾ ਅਤੇ ਸਿਹਤ 'ਤੇ ਇਸ ਦੇ ਹਾਨੀਕਾਰਕ ਪ੍ਰਭਾਵਾਂ ਨਾਲ ਨਜਿਠਣ ਲਈ ਹਰਿਆਣਾ ਸਰਕਾਰ ਦੀ ਪ੍ਰਤੀਬੱਧਤਾ ਨੂੰ ਦੋਹਰਾਉਂਦੇ ਹੋਏ ਮੁੱਖ ਸਕੱਤਰ ਡਾ. ਟੀਵੀਐਸਐਨ ਪ੍ਰਸਾਦ ਨੇ ਡਿਪਟੀ ਕਮਿਸ਼ਨਰਾਂ ਨਾਲ ਸੂਬੇ ਵਿਚ ਪਰਾਲੀ ਜਲਾਉਣ ਤੋਂ ਮੁਕਤ ਬਨਾਉਣ ਦੀ ਦਿਸ਼ਾ ਵਿਚ ਨਿਰਣਾਇਕ ਕਦਮ ਚੁੱਕਣ ਦੀ ਅਪੀਲ ਕੀਤੀ ਹੈ।

ਇੱਥੇ ਡਿਵੀਜਨਲ ਕਮਿਸ਼ਨਰਾਂ ਅਤੇ ਫਰੀਦਾਬਾਦ, ਜੀਂਦ, ਕੈਥਲ, ਅੰਬਾਲਾ,ਸਿਰਸਾ,ਕੁਰੂਕਸ਼ੇਤਰ , ਕਰਲਾਲ, ਹਿਸਾਰ, ਸੋਨੀਪਤ ਅਤੇ ਯਮੁਨਾਨਗਰ ਦੇ ਡਿਪਟੀ ਕਮਿਸ਼ਨਰਾਂ ਅਤੇ ਪੁਲਿਸ ਸੁਪਰਡੈਂਟਾਂ ਦੇ ਨਾਲ ਇਕ ਵਰਚੂਅਲ ਮੀਟਿੰਗ ਦੌਰਾਨ ਡਾ. ਪ੍ਰਸਾਦ ਨੇ ਹਾਟਸਪਾਟ ਦੀ ਪਹਿਚਾਣ ਕਰਨ ਅਤੇ ਪਰਾਲੀ ਜਲਾਉਣ ਦੀ ਘਟਨਾਵਾਂ ਨੂੰ ਰੋਕਨ ਲਈ ਜਰੂਰੀ ਉਪਾਅ ਲਾਗੂ ਕਰਨ ਲਈ ਬਲਾਕ ਪੱਧਰ 'ਤੇ ਚਾਰ ਮੈਂਬਰੀ ਕਮੇਟੀ ਬਨਾਉਣ ਦੇ ਨਿਰਦੇਸ਼ ਦਿੱਤੇ। ਇਸ ਕਮੇਟੀ ਵਿਚ ਸਬੰਧਿਤ ਐਸਡੀਐਮਬੀਡੀਓ ਤਹਿਸੀਲਦਾਰ, ਇਕ ਖੇਤੀਬਾੜੀ ਕਿਸਾਨ ਅਧਿਕਾਰੀ ਅਤੇ ਹਰਿਆਣਾ ਖੇਤੀਬਾੜੀ ਯੂਨੀਵਰਸਿਟੀ , ਹਿਸਾਰ ਅਤੇ ਪੁਲਿਸ ਵਿਭਾਗ ਦਾ ਇਕ-ਇਕ ਅਧਿਕਾਰੀ ਸ਼ਾਮਿਲ ਹੋਵੇਗਾ। ਕਮੇਟੀ ਨੂੰ ਹਰ ਰੋਜ ਸ਼ਾਮ 5 ਵਜੇ ਤਕ ਨਿਗਰਾਨੀ ਅਤੇ ਤਾਲਮੇਲ ਵਿਭਾਗ ਦੀ ਰਿਪੋਰਟ ਪੇਸ਼ ਕਰਨੀ ਹੋਵੇਗੀ।

ਮੁੱਖ ਸਕੱਤਰ ਨੇ ਕਿਹਾ ਕਿ ਉਹ ਨਿਜੀ ਰੂਪ ਨਾਲ ਹਰ ਇਕ ਰੋਜ ਸਥਿਤੀ ਦੀ ਨਿਗਰਾਨੀ ਕਰਨਗੇ ਅਤੇ ਕਿਸੇ ਵੀ ਸਥਿਤੀ ਵਿਚ ਪਰਾਲੀ ਜਲਾਉਣ ਦੇ ਇਕ ਵੀ ਮਾਮਲੇ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਝੋਨੇ ਦੀ ਪਰਾਲੀ ਜਲਾਉਣ ਤੋਂ ਰੋਕਨ ਵਿਚ ਚੰਗਾ ਪ੍ਰਦਰਸ਼ਨ ਕਰਨ ਵਾਲੇ ਅਧਿਕਾਰੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ।

ਡਾ. ਟੀਵੀਐਸਐਨ ਪ੍ਰਸਾਦ ਨੇ ਕਿਹਾ ਕਿ ਝੋਨੇ ਦੀ ਪਰਾਲੀ ਜਲਾਉਣ ਦੇ ਹਾਨੀਕਾਰਕ ਪ੍ਰਭਾਵਾਂ ਦੇ ਬਾਰੇ ਵਿਚ ਕਿਸਾਨਾਂ ਦੇ ਵਿਚ ਜਾਗਰੁਕਤਾ ਵਧਾਉਣ ਦੀ ਤੁਰੰਤ ਜਰੂਰਤ ਹੈ। ਉਨ੍ਹਾਂ ਨੇ ਡਿਪਟੀ ਕਮਿਸ਼ਨਰਾਂ ਨੂੰ ਕਿਸਾਨਾਂ ਨਾਲ ਜੁੜਨ ਅਤੇ ਉਨ੍ਹਾਂ ਨੂੰ ਜਿਮੇਵਾਰ ਫਸਲ ਅਵਸ਼ੇਸ਼ ਪ੍ਰਬੰਧਨ ਨੂੰ ਪ੍ਰੋਤਸਾਹਿਤ ਕਰਨ ਦੇ ਉਦੇਸ਼ ਨਾਲ ਪ੍ਰੋਤਸਾਹਨ ਯੋਜਨਾ ਦੇ ਬਾਰੇ ਵਿਚ ਜਾਣੂੰ ਕਰਵਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਪਰਾਲੀ ਜਲਾਉਣ ਦੀ ਘਟਨਾਵਾਂ ਦੀ ਨਿਗਰਾਨੀ ਅਤੇ ਰੋਕਥਾਮ ਲਈ ਰਾਤ ਗਸ਼ਤ ਕਰਨ ਦੀ ਜਰੂਰਤ ਵੀ ਜਤਾਈ। ਇਸ ਤੋਂ ਇਲਾਵਾ, ਉਨ੍ਹਾਂ ਨੇ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਜਲਾਉਣ ਦੇ ਖਿਲਾਫ ਪ੍ਰੇਰਿਤ ਕਰਨ ਲਈ ਆੜਤੀਆਂ ਨੂੰ ਸ਼ਾਮਿਲ ਕਰਨ 'ਤੇ ਵੀ ਜੋਰ ਦਿੱਤਾ।

ਮੁੱਖ ਸਕੱਤਰ ਨੇ ਪਰਾਲੀ ਜਲਾਉਣ ਅਤੇ ਹਵਾ ਗੁਣਵੱਤਾ ਅਤੇ ਸਿਹਤ 'ਤੇ ਇਸ ਦੇ ਹਾਨੀਕਾਰਕ ਪ੍ਰਭਾਵਾਂ ਨਾਲ ਨਜਿਠਣ ਲਈ ਸੂਬਾ ਸਰਕਾਰ ਦੀ ਪ੍ਰਤੀਬੱਧਤਾ ਨੂੰ ਵੀ ਦੋਹਰਾਇਆ। ਉਨ੍ਹਾਂ ਨੇ ਕਿਹਾ ਕਿ ਇਸ ਗੰਭੀਰ ਮੁੱਦੇ ਨਾਲ ਪ੍ਰਭਾਵੀ ਢੰਗ ਨਾਲ ਨਜਿਠਣ ਲਈ ਸਾਰੇ ਹਿੱਤਧਾਰਕਾਂ ਨੂੰ ਸ਼ਾਮਿਲ ਕਰ ਕੇ ਸਹਿਯੋਗੀ ਦ੍ਰਿਸ਼ਟੀਕੋਣ ਅਪਣਾਏ ਜਾਣ ਦੀ ਜਰੂਰਤ ਹੈ। ਉਨ੍ਹਾਂ ਨੇ ਫਸਲ ਅਵਸ਼ੇਸ਼ ਪ੍ਰਬੰਧਨ ਮਸ਼ੀਨਰੀ ਦੇ ਵੱਧ ਤੋਂ ਵੱਧ ਵਰਤੋ ਲਈ ਸਰਕਾਰ ਦੀ ਪ੍ਰਤੀਬੱਧਤਾ 'ਤੇ ਜੋਰ ਦਿੱਤਾ। ਕਸਟਮ ਹਾਇਰਿੰਗ ਸੈਂਟਰ 'ਤੇ ਉਪਲਬਧ ਇੰਨ੍ਹਾਂ ਮਸ਼ੀਨਾਂ ਦੀ ਵਰਤੋ ਇਨ-ਸੀਟੂ ਅਤੇ ਐਕਸ-ਸੀਟੂ ਪਰਾਲੀ ਪ੍ਰਬੰਧਨ ਪ੍ਰਥਾਵਾਂ ਲਈ ਕੀਤਾ ਜਾ ਰਿਹਾ ਹੈ, ਜਿਸ ਨਾਲ ਪਰਾਲੀ ਜਲਾਉਣ ਦੀ ਘਟਨਾਵਾਂ ਵਿਚ ਕਮੀ ਆਈ ਹੈ। ਇਸ ਤੋਂ ਇਲਾਵਾ, ਝੋਨੇ ਦੀ ਪਰਾਲੀ ਦੇ ਲਗਾਤਾਰ ਵਰਤੋ ਨੂੰ ਯਕੀਨੀ ਕਰਨ ਲਈ ਇਕ ਮਜਬੂਤ ਇਕੋਸਿਸਟਮ ਵਿਕਸਿਤ ਕੀਤਾ ਜਾ ਰਿਹਾ ਹੈ। ਇਸ ਦੇ ਤਹਿਤ ਕਿਸਾਨਾਂ ਨੂੰ ਅਜਿਹੇ ਵਿਕਲਪ ਉਪਲਬਧ ਕਰਾਏ ਜਾ ਰਹੇ ਹਨ, ਜੋ ਵਾਤਾਵਰਣ ਦੇ ਅਨੁਕੂਲ ਅਤੇ ਆਰਥਕ ਰੂਪ ਤੋਂ ਵਿਵਹਾਰਕ ਹਨ।

ਮੀਟਿੰਗ ਵਿਚ ਦਸਿਆ ਗਿਆ ਕਿ 2024 ਦੇ ਚਾਲੂ ਖੇਤੀਬਾੜੀ ਚੱਕਰ ਵਿਚ, ਹਰਿਆਣਾ ਵਿਚ ਝੋਨੇ ਦੀ ਖੇਤੀ ਦਾ ਖੇਤਰ ਵੱਧ ਕੇ 15.73 ਲੱਖ ਹੈਕਟੇਅਰ ਹੋ ਗਿਆ ਹੈ। ਇਸ ਵਾਧੇ ਦੇ ਨਤੀਜੇਵਜੋ ਬਾਸਮਤੀ ਅਤੇ ਗੈਰ-ਬਾਸਮਤੀ ਕਿਸਮਾਂ ਦੇ ਝੋਨੇ ਦੀ ਪਰਾਲੀ ਦੀ ਉਤਪਾਦਨ ਵਿਚ ਵਰਨਣਯੋਗ ਵਾਧਾ ਹੋਇਆ ਹੈ। ਬਾਕੀ 2024 ਵਿਚ ਬਾਸਮਤੀ ਝੋਨੇ ਦੀ ਪਰਾਲੀ ਦਾ ਉਤਪਾਦਨ ਵੱਧ ਕੇ 4.04 ਮਿਲਿਅਨ ਟਨ ਹੋ ਗਿਆ ਹੈ। ਇਸ ਤਰ੍ਹਾ ਹਰਿਆਣਾ ਵਿਚ ਹੁਣ ਝੋਨੇ ਦੀ ਪਰਾਲੀ ਦਾ ਕੁੱਲ ਉਤਪਾਦਨ 8.10 ਮਿਲਿਅਨ ਟਨ ਹੈ।

ਝੋਨੇ ਦੀ ਪਰਾਲੀ ਜਲਾਉਣ ਦੇ ਵਾਤਾਵਰਣ ਦੇ ਪ੍ਰਭਾਵ ਨੂੰ ਘੱਟ ਕਰਨ ਅਤੇ ਇਸ ਦੇ ਉਦਯੋਗਿਕ ਵਰਤੋ ਨੂੰ ਪ੍ਰੋਤਸਾਹਨ ਦੇਣ ਲਈ, ਹਰਿਆਣਾ ਨੇ ਵੱਖ-ਵੱਖ ਐਕਸ-ਸੀਟੂ ਵਿਧੀਆਂ 'ਤੇ ਧਿਆਨ ਕੇਂਦ੍ਰਿਤ ਕੀਤਾ ਹੈ। ਸਾਲ 2024 ਲਈ, ਵੱਖ-ਵੱਖ ਖੇਤਰਾਂ ਵਿਚ ਉਦਯੋਗਿਕ ਵਰਤੋ ਦੇ ਲਈ ਕੁੱਲ 2.54 ਮਿਲਿਅਨ ਟਨ ਝੋਨੇ ਦੀ ਪਰਾਲੀ ਅਲਾਟ ਕੀਤੀ ਗਈ ਹੈ।

ਐਕਸ-ਸੀਟੂ ਦੇ ਪ੍ਰਮੁੱਖ ਖੇਤਰਾਂ ਵਿਚ ਉਦਯੋਗਿਕ ਬਾਇਲਰ ਅਤੇ ਭੱਠੇ ਸ਼ਾਮਿਲ ਹਨ, ਜਿਨ੍ਹਾਂ ਵਿਚ 1.03 ਮਿਲਿਅਨ ਟਨ ਰਪਾਲੀ ਅਤੇ ਬਾਇਓਗੈਸ ਅਧਾਰਿਤ ਬਿਜਲੀ ਉਤਪਾਦਨ ਵਿਚ 0.83 ਮਿਲਿਅਨ ਟਨ ਦੀ ਵਰਤੋ ਹੋਈ ਹੈ। ਸੰਪੀੜਿਤ ਬਾਇਓਗੈਸ (ਸੀਬੀਜੀ) ਪਲਾਂਟਾਂ ਨੇ ਵੀ 0.1 ਮਿਲਿਅਨ ਟਨ ਦੇ ਖੋਜ ਦੇ ਨਾਲ ਝੋਨੇ ਦੀ ਪਰਾਲੀ ਦੀ ਵਰਤੋ ਕਰਨਾ ਸ਼ੁਰੂ ਕਰ ਦਿੱਤਾ ਹੈ, ਜਦੋਂ ਕਿ 2ਜੀ ਬਾਇਓ-ਇਥਨੋਲ ਪਲਾਂਟਾਂ ਨੇ 0.2 ਮਿਲਿਅਨ ਟਨ ਦੀ ਵਰਤੋ ਕੀਤੀ ਹੈ। ਥਰਮਲ ਪਾਵਰ ਪਲਾਂਟ (ਟੀਪੀਪੀ) ਵਿਚ ਕੋ-ਫਾਇਰਿੰਗ ਵਿਚ 0.28 ਮਿਲਿਅਨ ਟਨ ਅਤੇ ਇੱਟ ਭੱਠਿਆਂ ਅਤੇ ਵਿਵਿਧ ਉਦਯੋਗਾਂ ਵਿਚ 0.10 ਮਿਲਿਅਨ ਟਨ ਦੀ ਵਰਤੋ ਕੀਤੀ ਗਈ।

ਮੀਟਿੰਗ ਵਿਚ ਵਾਤਾਵਰਣ, ਵਨ ਅਤੇ ਜੰਗਲੀ ਜੀਵ ਵਿਭਾਗ ਦੇ ਵਧੀਕ ਮੁੱਖ ਸਕੱਤਰ ਆਨੰਦ ਮੋਹਨ ਸ਼ਰਣ, ਹਰਿਆਣਾ ਰਾਜ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੈਨ ਪੀ. ਰਾਘਵੇਂਦਰ ਰਾਓ ਅਤੇ ਬੋਰਡ ਦੇ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ। ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਵਧੀਕ ਮੁੱਖ ਸਕੱਤਰ ਡਾ. ਰਾਜਾ ਸ਼ੇਖਰ ਵੁੰਡਰੂ ਅਤੇ ਸੀਸੀਐਚਏਯੂ , ਹਿਸਾਰ ਵਾਇਸ ਚਾਂਸਲਰ ਪ੍ਰੋਫੈਸਰ ਬੀਆਰ ਕੰਬੋਜ ਨੇ ਵਰਚੂਅਲੀ ਮੀਟਿੰਗ ਵਿਚ ਹਿੱਸਾ ਲਿਆ।

# ਜ਼ੋਮੈਟੋ ਡਿਲੀਵਰੀ ਬੁਆਏ ਤੋਂ ਦਾਤਰ ਦੀ ਨੋਕ ਤੇ ਲੁੱਟਿਆ ਮੋਟਰਸਾਈਕਲ ਵਾਲਾ

**ਜ਼ੀਰਕਪੁਰ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਤੜਕੇ ਕਰੀਬ ਪੌਣੇ 2 ਵਜੇ ਦਸਮੇਸ਼ ਕਾਲੋਨੀ 'ਚ ਹੋਟਲ ਸਿਟੀ ਲਾਈਫ ਦੇ ਨਾਲ ਵਾਲੀ ਗਲੀ 'ਚ ਜ਼ੋਮੈਟੋ ਡਿਲੀਵਰੀ ਬੁਆਏ ਤੋਂ ਦਾਤਰ ਦੀ ਨੋਕ ਤੇ ਦੋ ਲੁਟੇਰਿਆਂ ਵੱਲੋਂ ਮੋਟਰਸਾਈਕਲ ਦੀ ਲੁੱਟ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ। ਸੀਸੀਟੀਵੀ ਫੁਟੇਜ 'ਚ ਕੈਦ ਹੋਈ ਇਹ ਘਟਨਾ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ ਹੈ, ਜਿਸ ਕਾਰਨ ਸਥਾਨਕ ਵਸਨੀਕਾਂ 'ਚ ਸਿੰਮ ਦਾ ਮਾਹੌਲ ਪੈਦਾ ਹੋ ਗਿਆ ਹੈ। ਪੁਲਿਸ ਫਿਲਹਾਲ ਮਾਮਲੇ ਦੀ ਜਾਂਚ ਕਰ ਰਹੀ ਹੈ। ਸੀਸੀਟੀਵੀ ਫੁਟੇਜ ਮੁਤਾਬਕ ਵਾਰਦਾਤ ਮੰਗਲਵਾਰ ਤੜਕੇ ਕਰੀਬ 1:45 ਵਜੇ ਦੀ ਹੈ ਜਿਸ ਵਿੱਚ ਦਿਖਾਈ ਦੇ ਰਿਹਾ ਹੈ ਕਿ ਦੋ ਮੋਟਰਸਾਈਕਲਾਂ ਤੇ ਚਾਰ ਨੌਜਵਾਨ ਜਾਂਦੇ ਦਿਖਾਈ ਦਿੰਦੇ ਹਨ ਜਿਸ ਉਪਰੰਤ 2 ਨੌਜਵਾਨ ਹੋਟਲ ਸਿਟੀ ਲਾਈਫ ਵਾਲੀ ਗਲੀ ਵਿੱਚ ਆ ਖੜੇ ਹੁੰਦੇ ਹਨ ਜਿਸ ਉਪਰੰਤ ਇਕ ਜਿਮੋਟੋ ਦਾ ਡਿਲੀਵਰੀ ਬੁਆਏ ਆਉਂਦਾ ਦਿਖਾਈ ਦਿੰਦਾ ਹੈ ਜਿਸਨੂੰ ਗਲੀ ਵਿੱਚ ਖੜੇ ਉਕਤ ਲੁਟੇਰੇ ਰੋਕ ਕੇ ਉਸਦੇ ਗਲੇ ਤੇ ਦਾਤਰ ਰਖ਼ਾ ਦੇ ਉਸਦਾ ਮੋਟਰਸਾਈਕਲ ਚੋਰੀ ਕਰ ਫਰਾਰ ਹੁੰਦੇ ਦਿਖਾਈ ਦੇ ਰਹੇ ਹਨ।

ਇਹ ਸਾਰੀ ਘਟਨਾ ਹੋਟਲ ਵਿੱਚ ਲੱਗੇ ਸੀਸੀਟੀਵੀ ਕੈਮਰੇ ਵਿਚ ਕੈਦ ਹੋ ਗਈ ਅਤੇ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ, ਜਿਸ ਨਾਲ ਸਥਾਨਕ ਵਸਨੀਕਾਂ ਵਿਚ ਗੁੱਸਾ ਫੈਲ ਗਿਆ ਹੈ। ਇਸ ਘਟਨਾ ਨੇ ਡਿਲੀਵਰੀ ਕਰਮਚਾਰੀਆਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਾਵਾਂ ਪੈਦਾ ਕਰ ਦਿੱਤੀਆਂ ਹਨ, ਜੋ ਅਕਸਰ ਦੇਰ ਰਾਤ ਤੱਕ ਕੰਮ ਕਰਦੇ ਹਨ ਅਤੇ ਅਜਿਹੇ ਹਮਲਿਆਂ ਦਾ ਸ਼ਿਕਾਰ ਹੁੰਦੇ ਹਨ। ਹਾਲਾਂਕਿ ਜ਼ੀਰਕਪੁਰ ਪੁਲਿਸ ਨੇ ਲੋਕਾਂ ਨੂੰ ਭਰੋਸਾ ਦਿਵਾਇਆ ਹੈ ਕਿ ਉਹ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈ ਰਹੇ ਹਨ ਅਤੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਮਾਮਲੇ ਦੀ ਗੰਭੀਰਤਾ ਨਾਲ ਪੜਤਾਲ ਕਰ ਰਹੇ ਹਨ। ਪੁਲਿਸ ਨੇ ਲੋਕਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਕਿਸੇ ਵੀ ਜਾਣਕਾਰੀ ਲਈ ਅੱਗੇ ਆਉਣ ਜੋ ਜਾਂਚ ਵਿੱਚ ਮਦਦ ਕਰ ਸਕਦੀ ਹੈ।

# ਝੋਨੇ ਦੀ ਸੁਚਾਰੂ ਖਰੀਦ ਲਈ ਸਰਕਾਰ ਨੇ ਪੰਜ ਆਈਏਐਸ ਅਧਿਕਾਰੀਆਂ ਨੂੰ ਲਗਾਇਆ ਵਿਸ਼ੇਸ਼ ਅਧਿਕਾਰ

**ਚੰਡੀਗੜ੍ਹ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਵਿਚ ਝੋਨੇ ਦੀ ਸੁਚਾਰੂ ਖਰੀਦ ਤਹਿਤ ਸਰਕਾਰ ਨੇ ਪੰਜ ਆਈਏਐਸ ਅਧਿਕਾਰੀਆਂ ਨੂੰ ਵੱਖ-ਵੱਖ ਜਿਲ੍ਹਿਆਂ ਵਿਚ ਵਿਸ਼ੇਸ਼ ਅਧਿਕਾਰੀ ਨਿਯੁਕਤ ਕੀਤਾ ਹੈ।

ਇਹ ਵਿਸ਼ੇਸ਼ ਅਧਿਕਾਰੀ ਮੰਡੀ ਵਿਚ ਗੇਟ ਪਾਸ ਲਈ ਲਾਗੂ ਨਵੀਂ ਵਿਵਸਥਾ ਦੇ ਸੁਗਮ ਸੰਚਾਲਨ ਅਤੇ ਕਿਸਾਨਾਂ ਵੱਲੋਂ ਲਿਆਈ ਗਈ 17% ਨਮੀ ਤਕ ਦੇ ਝੋਨੇ ਦੀ ਤੁਰੰਤ ਸਰਕਾਰੀ ਖਰੀਦ ਯਕੀਨੀ ਕਰਨਗੇ। ਆਈਏਐਸ ਅਧਿਕਾਰੀ ਡਾ. ਅੰਸ਼ਜ ਸਿੰਘ ਨੂੰ ਜਿਲ੍ਹਾ ਕੁਰੂਕਸ਼ੇਤਰ, ਸ੍ਰੀ ਜਿਤੇਂਦਰ ਕੁਮਾਰ ਨੂੰ ਜਿਲ੍ਹਾ ਯਮੁਨਾਨਗਰ, ਸ੍ਰੀ ਪੰਕਜ ਨੂੰ ਜਿਲ੍ਹਾ ਕੁਰੂਕਸ਼ੇਤਰ, ਸ੍ਰੀ ਸੁਜਾਨ ਸਿੰਘ ਨੂੰ ਜਿਲ੍ਹਾ ਅੰਬਾਲਾ ਅਤੇ ਸ੍ਰੀ ਚੰਦਰ ਸ਼ੇਖਰ ਨੂੰ ਜਿਲ੍ਹਾ ਕਰਨਾਲ ਦੇ ਲਈ ਵਿਸ਼ੇਸ਼ ਅਧਿਕਾਰੀ ਲਗਾਇਆ ਹੈ।

ਸਰਕਾਰੀ ਬੁਲਾਰੇ ਨੇ ਵਿਸਤਾਰ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਵਿਸ਼ੇਸ਼ ਅਧਿਕਾਰੀ ਇਹ ਵੀ ਯਕੀਨੀ ਕਰਣਗੇ ਕਿ ਜੋ ਕਿਸਾਨ ਸਰਕਾਰੀ ਮਾਪਦੰਡ ਦੇ ਅਨੁਰੂਪ ਤੈਅ ਨਮੀ ਮਾਤਰਾ ਦੇ ਨਾਲ ਆਪਣੇ ਝੋਨੇ ਦੀ ਫਸਲ ਮੰਡੀ ਵਿਚ ਲੈ ਕੇ ਆਉਣਗੇ, ਉਨ੍ਹਾਂ ਦੀ ਝੋਨੇ ਦੀ ਖਰੀਦ ਤੁਰੰਤ ਕੀਤੀ ਜਾਵੇ। ਕਿਸਾਨਾਂ ਨੂੰ ਫਸਲ ਵੇਚਨ ਲਈ ਇੰਤਜਾਰ ਨਾ ਕਰਨਾ ਪਵੇ। ਸਾਰੇ ਕਿਸਾਨ ਭਰਾਵਾਂ ਨੂੰ ਅਪੀਲ ਹੈ ਕਿ ਖਰੀਦ ਪ੍ਰਕ੍ਰਿਆ ਵਿਚ ਜਰੂਰੀ ਦੇਰੀ ਤੋਂ ਬਚਣ ਲਈ ਆਪਣੇ ਝੋਨੇ ਦੀ ਫਸਲ ਨੂੰ ਸਰਕਾਰ ਮਾਪਦੰਡਾਂ ਦੇ ਅਨੁਰੂਪ ਸੁਖਾ ਕੇ ਹੀ ਮੰਡੀ ਵਿਚ ਲੈ ਕੇ ਆਉਣ।

ਇਸ ਵਾਰ ਮੰਡੀ ਵਿਚ ਫਸਲ ਵੇਚਣ ਲਈ ਆਉਣ ਵਾਲੇ ਕਿਸਾਨਾਂ ਨੂੰ ਮੰਡੀ ਗੇਟ ਪਾਸ ਲਈ ਇੰਤਜਾਰ ਨਹੀਂ ਕਰਨਾ ਪਵੇਗਾ।

ਹਰਿਆਣਾ ਰਾਜ ਖੇਤੀਬਾੜੀ ਮਾਰਕਟਿੰਗ ਬੋਰਡ (ਐਚਐਸਏਐਮਬੀ) ਵੱਲੋਂ ਮੰਡੀ ਗੇਟ ਪਾਸ ਲਈ ਇਕ ਨਵੀਂ ਵਿਵਸਥਾ ਲਾਗੂ ਕੀਤੀ ਗਈ ਹੈ, ਜਿਸ ਤਹਿਤ ਕਿਸਾਨ ਹੀ-ਖਰੀਦ ਮੋਬਾਇਲ ਐਪਲੀਕੇਸ਼ਨ ਅਤੇ ਵੈਬਸਾਇਟ ਪੋਰਟਲ ਵੱਲੋਂ ਆਪਣਾ ਮੰਡੀ ਗੇਟ ਪਾਸ ਖੁਦ ਬਣਾ ਸਕਣਗੇ।

ਉਨ੍ਹਾਂ ਨੇ ਦਸਿਆ ਕਿ ਇਸ ਡਿਜੀਟਲ ਗੇਟ ਪਾਸ ਬਨਾਉਣ ਦੇ ਬਾਅਦ ਕਿਸਾਨਾਂ ਨੂੰ ਮੰਡੀ ਗੇਟ 'ਤੇ ਕਿਸੇ ਹੋਰ ਗੇਟ ਪਾਸ ਪ੍ਰਾਪਤ ਕਰਨ ਦੀ ਜਰੂਰਤ ਨਹੀਂ ਪਵੇਗੀ।

ਕਿਯੂਆਰ ਕੋਡ ਨੂੰ ਸਕੈਨ ਕਰ ਕੇ ਅਤੇ ਸਵੈ-ਨਿਰਮਾਣਤ ਗੇਟ ਪਾਸ ਕ੍ਰਮਾਂਕ ਦਰਜ ਕਰ ਕੇ ਵੀ ਕਿਸਾਨ ਇਸ ਐਪ ਰਾਹੀਂ ਬਿਨ੍ਹਾਂ ਦੇਰੀ ਅਤੇ ਲਾਇਨ ਵਿਚ ਲੱਗੇ, ਸਿੱਧੇ ਮੰਡੀ ਵਿਚ ਐਂਟਰੀ ਕਰ ਸਕਦੇ ਹਨ।

ਬੁਲਾਰੇ ਨੇ ਦਸਿਆ ਕਿ ਗੇਟ ਪਾਸ ਦੀ ਨਵੀਂ ਵਿਵਸਥਾ ਦੇ ਬਾਰੇ ਵਿਚ ਸਾਰੀ ਖਰੀਦ ਏਜੰਸੀਆਂ ਅਤੇ ਫੀਲਡ ਸਟਾਫ ਨੂੰ ਜਰੂਰੀ ਨਿਰਦੇਸ਼ ਦਿੱਤੇ ਜਾ ਚੁੱਕੇ ਹਨ। ਖਰੀਦ ਪ੍ਰਕ੍ਰਿਆ ਦੌਰਾਨ ਕਿਸਾਨਾਂ ਨੂੰ ਕਿਸੇ ਵੀ ਤਰ੍ਹਾ ਦੀ ਕੋਈ ਮੁਸ਼ਕਲ ਦਾ ਸਾਹਮਣਾ ਨਹੀਂ ਕਰਨਾ ਪਵੇਗਾ।

# ਖੇਡਾਂ ਵਤਨ ਪੰਜਾਬ ਦੀਆਂ 2024 (ਸੀਜਨ 3) ਤਹਿਤ ਜਿਲ੍ਹਾ ਪੱਧਰੀ ਖੇਡ ਮੁਕਾਬਲਿਆਂ ਦੇ ਚੌਥੇ ਦਿਨ ਹੋਏ ਸ਼ਾਨਦਾਰ ਖੇਡ ਮੁਕਾਬਲੇ



**ਫਾਜ਼ਿਲਕਾ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ,ਖੇਡਾਂ ਦੇ ਪੱਧਰ ਨੂੰ ਉੱਚਾ.:ਚੱਕਣ, ਪ੍ਰਤਿਭਾ ਅਤੇ ਹੁਨਰ ਦੀ ਭਾਲ ਕਰਨਾ, ਭਾਈਚਾਰਾ ਅਤੇ ਸਦਭਾਵਨਾ ਪੈਦਾ ਕਰਨਾ, ਵੱਧ ਤੋ ਵੱਧ ਲੋਕਾਂ ਨੂੰ ਖੇਡਾਂ ਨਾਲ ਜੋੜਨਾ ਅਤੇ ਸਿਹਤਮੰਦ ਪੰਜਾਬ ਦੀ ਸਿਰਜਣਾ ਕਰਨ ਲਈ ਹਰ ਤਰ੍ਹਾ ਦੇ ਭਰਪੂਰ ਯਤਨ ਕਰ ਰਹੀ ਹੈ. ਸ੍ਰੀ ਰੁਪਿੰਦਰ ਸਿੰਘ ਬਰਾੜ ਜਿਲ੍ਹਾ ਖੇਡ ਅਫਸਰ ਫਾਜਿਲਕਾ ਵੱਲੋ ਜਾਣਕਾਰੀ ਦਿੰਦਿਆ ਦੱਸਿਆ ਕਿ ਪੰਜਾਬ ਸਰਕਾਰ, ਖੇਡ ਵਿਭਾਗ ਪੰਜਾਬ ਦੇ ਨਿਰਦੇਸ਼ਾਂ ਅਨੁਸਾਰ ਖੇਡਾਂ ਵਤਨ ਪੰਜਾਬ ਦੀਆਂ 2024 (ਸੀਜਨ 3) ਦੇ ਫਾਜਿਲਕਾ ਜਿਲ੍ਹੇ ਦੇ ਜਿਲ੍ਹਾ ਪੱਧਰੀ ਮੁਕਾਬਲਿਆਂ ਦੇ ਚੌਥੇ ਦਿਨ ਸ਼ਾਨਦਾਰ ਖੇਡ ਮੁਕਾਬਲੇ ਕਰਵਾਏ ਗਏ.

ਅੰ:17 ਲੜਕੀਆਂ ਦੇ 100 ਮੀ: ਰੇਸ ਮੁਕਾਬਲੇ ਵਿੱਚ ਬਲਾਕ ਫਾਜਿਲਕਾ ਦੀ ਖਿਡਾਰਨ ਨਾਜੀਆ ਕੰਬੋਜ਼ ਨੇ ਪਹਿਲਾ ਸਥਾਨ ,ਬਲਾਕ ਅਰਣੀਵਾਲਾ ਕਿਰਨਦੀਪ ਕੌਰ ਨੇ ਦੂਸਰਾ ਸਥਾਨ ਹਾਸਿਲ ਕੀਤਾ, ਅੰ:17 ਲੜਕੀਆਂ ਦੇ 1500 ਮੀ: ਰੇਸ ਮੁਕਾਬਲੇ ਵਿੱਚ ਬਲਾਕ ਅਰਣੀਵਾਲਾ ਦੀ ਖਿਡਾਰਨ ਪਰਮਜੀਤ ਕੌਰ ਨੇ ਪਹਿਲਾ ਸਥਾਨ, ਬਲਾਕ ਅਬੋਹਰ ਰਜਨੀ ਨੇ ਦੂਸਰਾ ਸਥਾਨ ਅਤੇ ਬਲਾਕ ਅਰਣੀਵਾਲਾ ਸੰਤੋਸ਼ ਰਾਣੀ ਨੇ ਤੀਸਰਾ ਸਥਾਨ ਹਾਸਿਲ ਕੀਤਾ.ਨੈਸ਼ਨਲ ਕਬੱਡੀ ਅੰ: 14 ਲੜਕੀਆਂ ਦੇ ਮੁਕਾਬਲੇ ਵਿੱਚ ਬਲਾਕ ਅਬੋਹਰ ਦੀ ਟੀਮ ਨੇ ਪਹਿਲਾ ਸਥਾਨ , ਬਲਾਕ ਅਰਣੀਵਾਲਾ ਡੱਬਵਾਲਾ ਕਲਾ ਦੀ ਏ ਟੀਮ ਨੇ ਦੂਸਰਾ ਸਥਾਨ ਅਤੇ ਬਲਾਕ ਅਰਣੀਵਾਲਾ ਡੱਬਵਾਲਾ ਕਲਾ ਦੀ ਬੀ ਟੀਮ ਨੇ ਤੀਸਰਾ ਸਥਾਨ ਹਾਸਿਲ ਕੀਤਾ ਅੰ:17 ਬਲਾਕ ਫਾਜਿਲਕਾ ਨੇ ਪਹਿਲਾ ਸਥਾਨ, ਬਲਾਕ ਅਰਣੀਵਾਲਾ ਨੇ ਦੂਸਰਾ ਸਥਾਨ ਅਤੇ ਖੁਈਆ ਸਰਵਰ ਬਲਾਕ ਨੇ ਤੀਸਰਾ ਸਥਾਨ ਹਾਸਿਲ ਕੀਤਾ.ਵਾਲੀਬਾਲ ਸਮੈਸਿਗ ਲੜਕੀਆਂ ਦੇ ਅੰਡਰ:14 ਮੁਕਾਬਲਿਆਂ ਵਿੱਚ ਅਬੋਹਰ ਬਲਾਕ 1 ਨੇ ਪਹਿਲਾ ਸਥਾਨ ਅਤੇ ਅਬੋਹਰ ਬਲਾਕ 2 ਦੇ ਦੂਸਰਾ ਸਥਾਨ ਹਾਸਿਲ ਕੀਤਾ, ਅੰਡਰ:17 ਵਾਲੀਬਾਲ ਸਮੈਸਿਗ ਲੜਕੀਆਂ ਦੇ ਮੁਕਾਬਲੇ ਵਿੱਚ ਅਬੋਹਰ ਬਲਾਕ 1 ਨੇ ਪਹਿਲਾ ਸਥਾਨ, ਬਲਾਕ ਫਾਜਿਲਕਾ ਨੇ ਦੂਸਰਾ ਸਥਾਨ ਅਤੇ ਅਬੋਹਰ 2 ਬਲਾਕ ਟੀਮ ਨੇ ਤੀਸਰਾ ਸਥਾਨ ਹਾਸਿਲ ਕੀਤਾ.ਇਸ ਮੌਕੇ ਖੇਡ ਵਿਭਾਗ ਦੇ ਕੋਚਿਜ, ਸਿੱਖਿਆ ਵਿਭਾਗ ਦੇ ਡੀ.ਪੀ.ਈ,ਪੀ.ਟੀ.ਈ ਮੌਕੇ ਤੇ ਹਾਜਿਰ ਸਨ.

# ਕਰੀਬ 200 ਕਿਲੋ ਪਲਾਸਟਿਕ ਇਕੱਠਾ ਕਰਕੇ ਕੀਤਾ ਗਿਆ ਪਲਾਸਟਿਕ ਦੇ ਕੂੜੇ ਦਾ ਨਿਪਟਾਰਾ



**ਤਰਨ ਤਾਰਨ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨਹਿਰੂ ਯੁਵਾ ਕੇਂਦਰ ਤਰਨਤਾਰਨ, ਭਾਰਤ ਸਰਕਾਰ ਦੇ ਯੁਵਕ ਮਾਮਲੇ ਅਤੇ ਖੇਡ ਮੰਤਰਾਲਾ ਵੱਲੋਂ ਪਿੰਡ ਵਰਿਆਣਾ ਵਿਖੇ ਜ਼ਿਲ੍ਹਾ ਯੁਵਾ ਅਫ਼ਸਰ ਜਸਲੀਨ ਕੌਰ ਦੀ ਦੇਖ-ਰੇਖ ਹੇਠ ਸਵੱਛਤਾ ਹੀ ਸੇਵਾ ਮੁਹਿੰਮ ਦਾ ਆਯੋਜਨ ਕੀਤਾ ਗਿਆ।ਇਹ ਸਫ਼ਾਈ ਮੁਹਿੰਮ ਨਾਮਧਾਰੀ ਸਪੋਰਟਸ ਕਲੱਬ ਦੇ ਸਹਿਯੋਗ ਨਾਲ ਚਲਾਈ ਗਈ।ਇਸ ਪ੍ਰੋਗਰਾਮ ਵਿੱਚ ਨਾਮਧਾਰੀ ਸਪੋਰਟਸ ਕਲੱਬ ਦੇ ਚੇਅਰਮੈਨ ਹਰਜੀਤ ਸਿੰਘ, ਨਾਮਧਾਰੀ ਸਪੋਰਟਸ ਕਲੱਬ ਦੇ ਪ੍ਰਧਾਨ ਸ਼ਮਸ਼ੇਰ ਸਿੰਘ, ਪਿੰਡ ਦੇ ਸਰਪੰਚ, ਕਲੱਬ ਦੇ ਹੋਰ ਮੈਂਬਰ ਹਾਜ਼ਰ ਸਨ।

ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਸਾਰੇ ਪ੍ਰਤੀਯੋਗੀਆਂ ਨੇ ਸਵੱਛਤਾ ਦਾ ਪ੍ਰਣ ਲਿਆ।ਸਹੁੰ ਚੁੱਕਣ ਉਪਰੰਤ ਸਵੱਛਤਾ ਰੈਲੀ ਦੇ ਨਾਲ ਪਿੰਡ ਵਰਿਆਣਾ ਦੀਆਂ ਗਲੀਆਂ ਵਿੱਚ ਸਫ਼ਾਈ ਮੁਹਿੰਮ ਕੱਢੀ ਗਈ। ਕਲੱਬ ਦੇ ਮੈਂਬਰਾਂ ਨੇ ਅੰਮ੍ਰਿਤ ਸਰੋਵਰ ਨੇੜੇ ਸਿੰਗਲ ਯੂਜ਼ ਪਲਾਸਟਿਕ ਵੀ ਇਕੱਠਾ ਕੀਤਾ। ਨਹਿਰੂ ਯੁਵਾ ਕੇਂਦਰ ਤਰਨਤਾਰਨ ਦੀ ਅਗਵਾਈ ਹੇਠ ਸਾਰਿਆਂ ਨੇ ਮਿਲ ਕੇ ਕਰੀਬ 200 ਕਿਲੋ ਪਲਾਸਟਿਕ ਇਕੱਠਾ ਕਰਕੇ ਇਸ ਪਲਾਸਟਿਕ ਦੇ ਕੂੜੇ ਦਾ ਨਿਪਟਾਰਾ ਕੀਤਾ।

ਜ਼ਿਲ੍ਹਾ ਯੂਥ ਅਫ਼ਸਰ ਜਸਲੀਨ ਕੌਰ ਨੇ ਦੱਸਿਆ ਕਿ ਇਹ ਸਵੱਛਤਾ ਹੀ ਸੇਵਾ ਮੁਹਿੰਮ 17 ਸਤੰਬਰ ਤੋਂ 2 ਅਕਤੂਬਰ ਤੱਕ ਦੇਸ਼ ਭਰ ਵਿੱਚ ਚਲਾਈ ਜਾ ਰਹੀ ਹੈ, ਜਿਸ ਵਿੱਚ ਸਮਾਜ ਦੇ ਵੱਖ-ਵੱਖ ਵਰਗਾਂ ਖਾਸ ਕਰਕੇ ਨੌਜਵਾਨ ਇਸ ਸਵੱਛਤਾ ਮੁਹਿੰਮ ਵਿੱਚ ਅੱਗੇ ਆ ਕੇ ਵੱਧ ਚੜ੍ਹ ਕੇ ਹਿੱਸਾ ਲੈ ਰਹੇ ਹਨ। ਇਹ ਮੈਗਾ ਡਰਾਈਵ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ ਯੂਥ ਕਲੱਬਾਂ ਰਾਹੀਂ ਚਲਾਈ ਜਾ ਰਹੀ ਹੈ।ਜ਼ਿਲ੍ਹਾ ਯੂਥ ਅਫ਼ਸਰ ਨੇ ਸਮੂਹ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਇਸ ਸਵੱਛ ਭਾਰਤ ਅਭਿਆਨ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਉਣ। ਜਸਲੀਨ ਕੌਰ ਨੇ ਸਥਾਨਕ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਮੁਹਿੰਮ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਅਤੇ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਬੰਦ ਕਰਨ ਅਤੇ ਇਸ ਦੀ ਬਜਾਏ ਧਾਤੂ ਦੀਆਂ ਬੋਤਲਾਂ ਅਤੇ ਕੱਪੜੇ ਦੇ ਥੈਲਿਆਂ ਦੀ ਵਰਤੋਂ ਕਰਨ। ਜ਼ਿਲ੍ਹਾ ਯੂਥ ਅਫ਼ਸਰ ਨੇ ਸਿੰਗਲ ਯੂਜ਼ ਪਲਾਸਟਿਕ ਤੋਂ ਵਾਤਾਵਰਨ ਅਤੇ ਲੋਕਾਂ ਨੂੰ ਹੋਣ ਵਾਲੇ ਨੁਕਸਾਨ ਬਾਰੇ ਜਾਣਕਾਰੀ ਦਿੱਤੀ।

ਜ਼ਿਲ੍ਹਾ ਯੂਥ ਅਫ਼ਸਰ ਸ੍ਰੀਮਤੀ ਜਸਲੀਨ ਕੌਰ ਨੇ ਦੱਸਿਆ ਕਿ ਹੁਣ ਤੱਕ ਨਹਿਰੂ ਯੁਵਾ ਕੇਂਦਰ ਵੱਲੋਂ ਯੂਥ ਕਲੱਬਾਂ ਦੇ ਸਹਿਯੋਗ ਨਾਲ ਜ਼ਿਲ੍ਹੇ ਵਿੱਚ 100 ਤੋਂ ਵੱਧ ਥਾਵਾਂ 'ਤੇ ਸਫ਼ਾਈ ਮੁਹਿੰਮ ਚਲਾਈ ਜਾ ਚੁੱਕੀ ਹੈ।

# 60 ਲੱਖ ਮੀਟ੍ਰਿਕ ਟਨ ਝੋਨੇ ਦੀ ਖਰੀਦ ਹੋਣ ਦੀ ਸੰਭਾਵਨਾ

**ਚੰਡੀਗੜ੍ਹ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਵਿਚ ਝੋਨੇ ਦੀ ਸੁਗਮ ਖਰੀਦ ਅਤੇ ਉਸ ਦੇ ਸਟੋਰੇਜ ਲਈ ਸਬੰਧਿਤ ਵਿਭਾਗਾਂ ਤੇ ਖਰੀਦ ਏਜੰਸੀਆਂ ਵੱਲੋਂ ਲਗਭਗ ਸਾਰੀ ਤਿਆਰੀਆਂ ਪੂਰੀ ਕਰ ਲਈਆਂ ਗਈਆਂ ਹਨ। ਝੋਨੇ ਖਰੀਦ ਦੇ ਬਾਅਦ ਉਸ ਦੀ ਸਟੋਰੇਜ ਲਈ ਰਾਜ ਦੀ ਖਰੀਦ ਏਜੰਸੀਆਂ ਅਤੇ ਮਿਲਰਸ ਦੀ ਥਾਂ ਦੀ ਕਮੀ ਦੇ ਕਾਰਨ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ, ਇਸ ਦੇ ਲਈ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ ਨੇ ਵੱਧ ਸਟੋਰੇਜ ਉਪਲਬਧ ਕਰਵਾਉਣ ਲਈ ਭਾਰਤ ਸਰਕਾਰ ਨੂੰ ਪੱਤਰ ਲਿਖਿਆ ਹੈ। ਸਰਕਾਰੀ ਬੁਲਾਰੇ ਨੇ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਭਾਰਤ ਸਰਕਾਰ ਨੂੰ ਲਿਖੇ ਪੱਤਰ ਵਿਚ ਦਸਿਆ ਗਿਆ ਹੈ ਕਿ ਕੇਐਮਐਸ 2024-25 ਦੌਰਾਨ ਰਾਜ ਖਰੀਦ ਏਜੰਸੀਆਂ ਵੱਲੋਂ ਲਗਭਗ 60 ਲੱਖ ਮੀਟ੍ਰਿਕ ਟਨ ਝੋਨੇ ਦੀ ਖਰੀਦ ਕੀਤੇ ਜਾਣ ਦੀ ਸੰਭਾਵਨਾ ਹੈ, ਜਿਸ ਵਿੱਚੋਂ 40 ਲੱਖ ਮੀਟ੍ਰਿਕ ਟਨ ਚਾਵਲ ਦਾ ਉਤਪਾਦਨ ਕੀਤਾ ਜਾਣਾ ਹੈ ਅਤੇ ਭਾਰਤ ਸਰਕਾਰ ਵੱਲੋਂ ਨਿਰਧਾਰਿਤ 15 ਮਾਰਚ, 2025 ਤਕ ਭਾਰਤੀ ਖੁਰਾਕ ਨਿਗਮ ਨੂੰ ਵੰਡਿਆ ਜਾਣਾ ਹੈ। ਇਸ ਲਈ ਸਟੋਰੇਜ ਨਾਲ ਸਬੰਧਿਤ ਕਿਸੇ ਵੀ ਤਰ੍ਹਾ ਦੀ ਸਮਸਿਆ ਨਾਲ ਨਜਿਠਣ ਲਈ ਵੱਧ ਸਟੋਰੇਜ ਦੀ ਉਪਲਬਧਤਾ ਯਕੀਨੀ ਕੀਤੀ ਜਾਵੇ, ਤਾਂ ਜੋ ਕਿਸਾਨਾਂ ਅਤੇ ਮਿਲ ਮਾਲਿਕਾਂ ਨੂੰ ਕਿਸੇ ਵੀ ਅਸਹੂਲਤ ਦਾ ਸਾਹਮਣਾ ਨਾ ਕਰਨਾ ਪਵੇ।

# ਮੈਡਮ ਮਨਦੀਪ ਕੌਰ ਨੇ ਵਧੀਕ ਡਿਪਟੀ ਕਮਿਸ਼ਨਰ ਜਨਰਲ ਫਾਜ਼ਿਲਕਾ ਵਜੋਂ ਅਹੁਦਾ ਸੰਭਾਲਿਆ

**ਫਾਜ਼ਿਲਕਾ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਮੈਡਮ ਮਨਦੀਪ ਕੌਰ ਨੇ ਫਾਜ਼ਿਲਕਾ ਦੇ ਵਧੀਕ ਡਿਪਟੀ ਕਮਿਸ਼ਨਰ ਜਨਰਲ ਵਜੋਂ ਅੱਜ ਅਹੁਦਾ ਸੰਭਾਲਿਆ ਹੈ। ਇਸ ਤੋਂ ਪਹਿਲਾਂ ਉਹ ਬਤੌਰ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਬਠਿੰਡਾ ਵਿਖੇ ਆਪਣੀਆਂ ਸੇਵਾਵਾਂ ਦੇ ਰਹੇ ਸਨ। ਫਾਜ਼ਿਲਕਾ ਵਿਖੇ ਵਧੀਕ ਡਿਪਟੀ ਕਮਿਸ਼ਨਰ ਜਨਰਲ ਵਜੋਂ ਉਹ ਪਹਿਲਾਂ ਵੀ ਆਪਣੀਆਂ ਸੇਵਾਵਾਂ ਦੇ ਚੁੱਕੇ ਹਨ।

ਚਾਰਜ ਸੰਭਾਲਦਿਆਂ ਵਧੀਕ ਡਿਪਟੀ ਕਮਿਸ਼ਨਰ ਮਨਦੀਪ ਕੌਰ ਨੇ ਕਿਹਾ ਕਿ ਲੋਕਾਂ ਦੀਆਂ ਸਿਕਾਇਤਾਂ ਤੇ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ *ਤੇ ਅਤੇ ਸਮਾਂਬੱਧ ਢੰਗ ਨਾਲ ਨਿਪਟਾਰਾ ਕਰਨਾ ਉਨ੍ਹਾਂ ਦੀ ਮੁੱਖ ਤਰਜੀਹ ਰਹੇਗੀ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਤੇ ਯੋਜਨਾਵਾ ਦਾ ਲਾਹਾ ਯੋਜਨਾਬੱਧ ਢੰਗ ਤੇ ਪੂਰੀ ਪਾਰਦਰਸ਼ਤਾ ਨਾਲ ਆਮ ਲੋਕਾਂ ਤੱਕ ਪਹੁੰਚੇ, ਇਸ ਲਈ ਉਹ ਵਚਨਬਧ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਅੰਦਰ ਚੱਲ ਰਹੇ ਵਿਕਾਸ ਪ੍ਰੋਜ਼ੈਕਟਾਂ ਨੂੰ ਹੋਰ ਬਿਹਤਰੀ ਨਾਲ ਸਫਲਤਾਪੂਰਵਕ ਜਮੀਨੀ ਪੱਧਰ ▾ਤੇ ਲਾਗੂ ਕਰਵਾਉਣਾ ਅਤੇ ਹੋਰ ਨਵੇਂ ਵਿਕਾਸ ਪ੍ਰੋਜ਼ੈਕਟਾਂ ਨੂੰ ਜ਼ਿਲ੍ਹੇ ਅੰਦਰ ਲਿਆ ਕੇ ਫਾਜ਼ਿਲਕਾ ਨੂੰ ਵਿਕਾਸ ਦੀਆਂ ਲੀਹਾਂ ਵੱਲ ਲਿਜਾਉਣਾ ਉਨ੍ਹਾਂ ਦਾ ਮੁੱਖ ਟੀਚਾ ਰਹੇਗਾ।

# ਬਲਾਕ ਦੇ 12 ਪਿੰਡਾਂ ਵਿੱਚ 03 ਕਰੋੜ 60 ਲੱਖ ਦੀ ਲਾਗਤ ਨਾਲ

**ਫ਼ਤਹਿਗੜ੍ਹ ਸਾਹਿਬ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਸਰਕਾਰ ਵੱਲੋਂ ਖੇਡਾਂ ਦੇ ਖੇਤਰ ਨੂੰ ਦਿੱਤੀ ਜਾ ਰਹੀ ਤਰਜ਼ੀਹ ਸੂਬੇ ਦੇ ਨੌਜਵਾਨਾਂ ਦਾ ਉਜਵਲ ਭਵਿੱਖ ਬਣਾਉਣ ਵਿੱਚ ਮੀਲ ਪੱਥਰ ਸਾਬਤ ਹੋਵੇਗੀ ਅਤੇ ਨੌਜਵਾਨ ਖੇਡਾਂ ਨਾਲ ਜੁੜ ਕੇ ਸਿਹਤਮੰਦ ਸਮਾਜ ਦੀ ਸਿਰਜਣਾ ਵਿੱਚ ਮੋਹਰੀ ਭੂਮਿਕਾ ਨਿਭਾਉਣਗੇ।

ਇਹ ਜਾਣਕਾਰੀ ਡਿਪਟੀ ਕਮਿਸ਼ਨਰ ਡਾ.ਸੋਨਾ ਥਿੰਦ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਦਿਹਾਤੀ ਖੇਤਰ ਦੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਦੇ ਮੰਤਵ ਨਾਲ ਮਗਨਰੇਗਾ ਅਧੀਨ ਜ਼ਿਲ੍ਹੇ ਦੇ ਬਲਾਕ ਖਮਾਣੋਂ ਦੇ 39 ਪਿੰਡਾਂ ਵਿੱਚ ਖੇਡ ਸਟੇਡੀਅਮ ਬਣਾਏ ਜਾ ਰਹੇ ਹਨ ਜਿਨ੍ਹਾਂ ਵਿੱਚੋਂ 03 ਕਰੋੜ 60 ਲੱਖ ਰੁਪਏ ਦੀ ਲਾਗਤ ਨਾਲ 12 ਪਿੰਡਾਂ ਵਿੱਚ ਖੇਡ ਸਟੇਡੀਅਮ ਮੁਕੰਮਲ ਹੋ ਚੁੱਕੇ ਹਨ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਖੇਡਾਂ ਇੱਕ ਅਜਿਹਾ ਸਾਧਨ ਹਨ ਜਿਨ੍ਹਾਂ ਨਾਲ ਜੁੜ ਕੇ ਨੌਜਵਾਨਾਂ ਨੂੰ ਸਿਹਤਮੰਦ ਤੇ ਤੰਦਰੁਸਤ ਰੱਖ ਕੇ ਸਮਾਜਿਕ ਲਾਹਣਤਾਂ ਤੋਂ ਦੂਰ ਰੱਖਿਆ ਜਾ ਸਕਦਾ ਹੈ। ਇਸ ਲਈ ਮਾਪਿਆਂ ਨੂੰ ਚਾਹੀਦਾ ਹੈ ਕਿ ਉਂਹ ਆਪਣੇ ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਖੇਡਾਂ ਨਾਲ ਜਰੂਰ ਜੋੜਨ ਤਾਂ ਜੋ ਬੱਚੇ ਵੱਡੇ ਹੋ ਕੇ ਆਪਣਾ ਅਤੇ ਆਪਣੇ ਸੂਬੇ ਦਾ ਨਾਮ ਖੇਡਾਂ ਦੇ ਖੇਤਰ ਵਿੱਚ ਰਾਸ਼ਟਰੀ ਤੇ ਅੰਤਰ ਰਾਸ਼ਟਰੀ ਪੱਧਰ ਤੇ ਹੋਰ ਵੀ ਉੱਚਾ ਚੁੱਕ ਸਕਣ।

ਇਸ ਮੌਕੇ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਖਮਾਣੋਂ ਸ਼੍ਰੀਮਤੀ ਪਰਮਵੀਰ ਕੌਰ ਨੇ ਦੱਸਿਆ ਕਿ ਬਲਾਕ ਦੇ ਪਿੰਡ ਰਾਣਵਾਂ, ਬਾਠਾਂ ਖੁਰਦ, ਬਡਲਾ, ਰਿਆ, ਫਰੌਰ, ਹਰਗਣਾ, ਮਨਸੂਰਪੁਰ, ਮੋਹਨਮਾਜਰਾ, ਸੰਘੋਲ, ਠੀਕਰੀਵਾਲ ਤੇ ਲਖਨਪੁਰ ਆਦਿ ਦੇ ਖੇਡ ਸਟੇਡੀਅਮ ਦਾ ਕੰਮ ਮੁਕੰਮਲ ਹੋ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਪਿੰਡ ਰਾਏਪੁਰ ਰਾਈਆਂ ਵਿਖੇ ਵਿਭਾਗ ਵੱਲੋਂ ਖੇਡ ਮੈਦਾਨ ਪਹਿਲਾਂ ਨਹੀਂ ਬਣਾਇਆ ਗਿਆ ਹੁਣ ਇਸ ਪਿੰਡ ਵਿੱਚ ਨਵਾਂ ਖੇਡ ਸਟੇਡੀਅਮ ਬਣਾਉਣ ਦੀ ਤਜ਼ਵੀਜ ਬਣਾਈ ਜਾ ਚੁੱਕੀ ਹੈ ਅਤੇ ਨਵੀਂ ਪੰਚਾਇਤ ਦੇ ਗਠਨ ਨਾਲ ਇਸ ਪਿੰਡ ਵਿੱਚ ਆਧੁਨਿਕ ਸਹੂਲਤਾਂ ਵਾਲਾ ਖੇਡ ਸਟੇਡੀਅਮ ਬਣਾ ਕੇ ਨੌਜਵਾਨਾਂ ਨੂੰ ਸਮਰਪਿਤ ਕਰ ਦਿੱਤਾ ਜਾਵੇਗਾ।

# ਡਿਪਟੀ ਕਮਿਸ਼ਨਰ ਵੱਲੋਂ ਮਾਲ ਵਿਭਾਗ ਦੇ ਕੰਮਕਾਜ ਦੀ ਮਹੀਨਾਵਾਰ ਸਮੀਖਿਆ



**ਫਾਜ਼ਿਲਕਾ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਫਾਜ਼ਿਲਕਾ ਦੇ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਆਈਏਐਸ ਨੇ ਅੱਜ ਇੱਥੇ ਮਾਲ ਮਹਿਕਮੇ ਦੇ ਕੰਮ ਕਾਜ ਦੀ ਸਮੀਖਿਆ ਲਈ ਅਧਿਕਾਰੀਆਂ ਨਾਲ ਮਹੀਨਾਵਾਰ ਬੈਠਕ ਕੀਤੀ।ਬੈਠਕ ਦੌਰਾਨ ਉਨ੍ਹਾਂ ਨੇ ਹਦਾਇਤ ਕੀਤੀ ਕਿ ਵਿਭਾਗ ਨਾਲ ਸਬੰਧਤ ਲੋਕਾਂ ਦੇ ਕੰਮ ਪਹਿਲ ਦੇ ਅਧਾਰ ਤੇ ਕੀਤੇ ਜਾਣ ਅਤੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਲੋਕਾਂ ਨੂੰ ਵਧੀਆ ਪ੍ਰਸ਼ਾਸਨ ਮੁਹਈਆ ਕਰਵਾਇਆ ਜਾਵੇ। ਉਨ੍ਹਾਂ ਨੇ ਕਿਹਾ ਕਿ ਖਾਨਗੀ ਤਕਸੀਮ ਦੇ ਕੇਸਾਂ ਦਾ ਛੇਤੀ ਨਬੇੜਾ ਕੀਤਾ ਜਾਵੇ ਅਤੇ ਇਸ ਲਈ ਲੋਕਾਂ ਨੂੰ ਉਤਸਾਹਿਤ ਵੀ ਕੀਤਾ ਜਾਵੇ। ਇਸੇ ਤਰਾਂ ਉਨ੍ਹਾਂ ਨੇ ਸਖ਼ਤ ਤਾੜਨਾ ਕੀਤੀ ਕਿ ਬਕਾਇਆ ਪਏ ਇੰਤਕਾਲ ਜਲਦ ਪੂਰੇ ਕੀਤੇ ਜਾਣ। ਨਿਸ਼ਾਨਦੇਹੀ ਦਾ ਕੰਮ ਸਰਕਾਰ ਵੱਲੋਂ ਨਿਰਧਾਰਤ ਸਮਾਂ ਹੱਦ ਵਿਚ ਪੂਰਾ ਕੀਤਾ ਜਾਵੇ। ਜੰਮਾਬੰਦੀਆਂ ਦੇ ਨਵੀਨੀਕਰਨ ਦਾ ਕੰਮ ਵੀ ਨਿਰਧਾਰਿਤ ਟਾਇਮਲਾਇਨ ਦੀ ਪਾਲਣਾ ਕਰਦਿਆਂ ਹੋਇਆ ਜਲਦ ਪੂਰਾ ਕੀਤਾ ਜਾਵੇ। ਇਸੇ ਤਰਾਂ ਉਨ੍ਹਾਂ ਨੇ ਮੇਰਾ ਘਰ ਮੇਰੇ ਨਾਂਅ ਸਕੀਮ ਦੀ ਪ੍ਰਗਤੀ ਦਾ ਵੀ ਜਾਇਜਾ ਲਿਆ। ਉਨ੍ਹਾਂ ਨੇ ਅਧਿਕਾਰੀਆਂ ਨੂੰ ਮਹੀਨਾਵਾਰ ਟੀਚੇ ਨਿਰਧਾਰਤ ਕਰਨ ਅਤੇ ਇੰਨ੍ਹਾਂ ਕੰਮਾਂ ਦੀ ਥੋੜੇ ਥੋੜੇ ਸਮੇਂ ਬਾਅਤ ਸਮੀਖਿਆ ਕਰਦੇ ਰਹਿਣ ਦੀ ਹਦਾਇਤ ਵੀ ਕੀਤੀ।ਬੈਠਕ ਵਿਚ ਵਧੀਕ ਡਿਪਟੀ ਕਮਿਸ਼ਨਰ ਜਨਰਲ ਸ੍ਰੀ ਰਾਕੇਸ਼ ਕੁਮਾਰ ਪੋਪਲੀ, ਜ਼ਿਲ੍ਹਾ ਮਾਲ ਅਫ਼ਸਰ ਸੰਦੀਪ ਕੁਮਾਰ ਤੋਂ ਇਲਾਵਾ ਸਰਕਲ ਮਾਲ ਅਫ਼ਸਰ ਹਾਜਰ ਸਨ।

# ਚੇਅਰਮੈਨ ਬਲਬੀਰ ਸਿੰਘ ਪਨੂੰ ਨੇ ਪਿੰਡ ਤਲਵੰਡੀ ਲਾਲ ਸਿੰਘ ਵਿੱਚ 25 ਲੱਖ ਰੁਪਏ ਦੀ ਲਾਗਤ ਨਾਲ ਫਿਰਨੀ ਦਾ ਉਦਘਾਟਨ ਕੀਤਾ

**ਬਟਾਲਾ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਬਲਬੀਰ ਸਿੰਘ ਪੰਨੂ, ਚੇਅਰਮੈਨ,ਪਨਸਪ ਪੰਜਾਬ ਵੱਲੋਂ ਪਿੰਡ ਤਲਵੰਡੀ ਲਾਲ ਸਿੰਘ ਵਿੱਚ 25 ਲੱਖ ਰੁਪਏ ਦੀ ਲਾਗਤ ਨਾਲ ਫਿਰਨੀ ਦਾ ਉਦਘਾਟਨ ਕੀਤਾ ਗਿਆ।ਇਸ ਮੌਕੇ ਪਿੰਡ ਵਾਸੀਆਂ ਨਾਲ ਗੱਲ ਕਰਦਿਆਂ ਚੇਅਰਮੈਨ ਪਨੂੰ ਨੇ ਕਿਹਾ ਹਲਕੇ ਦੇ ਪਿੰਡਾਂ ਵਿੱਚ ਵਿਕਾਸ ਦੀ ਕੋਈ ਕਸਰ ਬਾਕੀ ਨਹੀ ਰਹਿਣ ਦਿੱਤੀ ਜਾਵੇਗੀ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਚਹੁਪੱਖੀ ਵਿਕਾਸ ਕਾਰਜ ਕਰਵਾਏ ਦਾ ਰਹੇ ਹਨ।

ਇਸ ਮੌਕੇ ਜਸਪਾਲ ਸਿੰਘ ਟਿੰਕੂ, ਲਾਲ ਸਿੰਘ, ਸਿਮਰਨਜੀਤ ਸਿੰਘ, ਅਮਰੀਕ ਸਿੰਘ, ਸ਼ਰਨਜੀਤ ਸਿੰਘ ਰੰਧਾਵਾ, ਡਾਕਟਰ ਗੁਰਪਾਲ ਸਿੰਘ. ਗੁਰਮੀਤ ਸਿੰਘ, ਜਸਪਾਲ ਸਿੰਘ ਟਿੰਕੂ, ਲਾਲ ਸਿੰਘ, ਰਵਿੰਦਰ ਸਿੰਘ ਵਿੰਦਾ, ਨੰਬਰਦਾਰ ਤਰਸੇਮ ਸਿੰਘ ਅਮਰੀਕ ਸਿੰਘ, ਗੋਲਡੀ ਸੰਧੂ , ਰੁਪਿੰਦਰ ਸਿੰਘ, ਦਵਿੰਦਰ ਸੰਧੂ , ਇੰਦਰਬੀਰ ਸਿੰਘ, ਸਵਿੰਦਰ ਸਿੰਘ, ਕੁਲਦੀਪ ਸਿੰਘ ਰੰਧਾਵਾ, ਪਰਮਿੰਦਰਜੀਤ ਸਿੰਘ, ਸ਼ਮਸ਼ੇਰ ਸਿੰਘ ਸ਼ੇਰਾ, ਪਵਨ ਖਹਿਰਾ, ਮਲਕੀਤ ਸਿੰਘ, ਗੁਰਸ਼ਰਨ ਸਿੰਘ, ਨਿਸ਼ਾਨ ਸਿੰਘ, ਗੁਰਬਿੰਦਰ ਸਿੰਘ ਕਾਦੀਆਂ, ਕਰਮਜੀਤ ਪੀਏ, ਰਘਬੀਰ ਸਿੰਘ ਅਠਵਾਲ, ਗਗਨਦੀਪ ਸਿੰਘ ਕੋਟਲਾ ਬਾਮਾ, ਹਰਪ੍ਰੀਤ ਸਿੰਘ ਖਜਾਨੇ ਕੋਟ, ਹੋਰ ਵੀ ਸੀਨੀਅਰ ਵਰਕਰ ਹਾਜ਼ਰ ਸਨ।

# ਇਕ ਦਿਨ ਵਿਚ 6 ਲੋਕਾਂ ਦਾ ਹੋ ਸਕੇਗਾ ਡਾਇਲਸਿਸ, ਸੁਵਿਧਾ ਪੂਰੀ ਤਰਾਂ ਮੁਫ਼ਤ

**ਫਾਜ਼ਿਲਕਾ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਪੰਜਾਬ ਸ੍ਰ ਭਗਵੰਤ ਸਿੰਘ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਨੂੰ ਮਿਆਰੀ ਪੱਧਰ ਦੀਆਂ ਸਿਹਤ ਸਹੂਲਤਾਂ ਦੇਣ ਲਈ ਵਚਨਬੱਧ ਹੈ। ਇਹ ਗੱਲ ਹਲਕਾ ਵਿਧਾਇਕ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਨੇ ਸਿਵਲ ਹਸਪਤਾਲ ਵਿਚ ਨਵੇਂ ਡਾਇਲਸਿਸ ਯੂਨਿਟ ਦੀ ਸ਼ੁਰੂਆਤ ਮੌਕੇ ਆਖੀ। ਇਸ ਮੌਕੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਵੀ ਵਿਸੇਸ਼ ਤੌਰ ਤੇ ਹਾਜਰ ਰਹੇ।

ਇਸ ਮੌਕੇ ਡਾਇਲਸਿਸ ਯੂਨਿਟ ਦੇ ਉਦਘਾਟਨ ਦਾ ਰੀਬਨ ਕੱਟਣ ਦੀ ਰਸਮ ਇੱਥੇ ਡਾਇਲਸਿਸ ਲਈ ਆਈ ਇਕ ਲੜਕੀ ਨੇ ਵਿਧਾਇਕ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਅਤੇ ਉਨ੍ਹਾਂ ਦੀ ਧਰਮ ਪਤਨੀ ਖੁਸਬੂ ਸਾਵਨਸੁੱਖਾ ਦੀ ਹਾਜਰੀ ਵਿਚ ਨਿਭਾਈ।

ਇਸ ਮੌਕੇ ਵਿਧਾਇਕ ਸ੍ਰੀ ਸਵਨਾ ਨੇ ਕਿਹਾ ਕਿ ਪਹਿਲਾਂ ਲੋਕਾਂ ਨੂੰ ਡਾਇਲਸਿਸ ਲਈ ਦੂਰ ਦੇ ਸ਼ਹਿਰਾਂ ਤੱਕ ਜਾਣਾ ਪੈਂਦਾ ਸੀ ਪਰ ਹੁਣ ਇਹ ਸੁਵਿਧਾ ਫਾਜ਼ਿਲਕਾ ਦੇ ਸਿਵਲ ਹਸਪਤਾਲ ਵਿਚ ਹੀ ਪੰਜਾਬ ਸਰਕਾਰ ਨੇ ਸ਼ੁਰੂ ਕਰਵਾ ਦਿੱਤੀ ਹੈ ਅਤੇ ਇਸਤੇ ਕੋਈ ਖਰਚ ਵੀ ਨਹੀਂ ਹੋਵੇਗਾ ਅਤੇ ਇਹ ਸੁਵਿਧਾ ਪੂਰੀ ਤਰਾਂ ਨਾਲ ਮੁਫ਼ਤ ਹੋਵੇਗੀ।

ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇੱਕ ਪਾਸੇ ਜਿੱਥੇ ਆਮ ਆਦਮੀ ਕਲੀਨਿਕ ਖੋਲ ਕੇ ਸਧਾਰਨ ਰੋਗਾਂ ਦਾ ਇਲਾਜ ਉਨ੍ਹਾਂ ਦੇ ਘਰਾਂ ਦੇ ਨਜਦੀਕ ਹੀ ਮੁਹਈਆ ਕਰਵਾਇਆ ਜਾ ਰਿਹਾ ਹੈ ਉਥੇ ਹੀ ਗੰਭੀਰ ਬਿਮਾਰੀਆਂ ਦੇ ਇਲਾਜ ਲਈ ਵੀ ਬੁਨਿਆਦੀ ਢਾਂਚੇ ਨੂੰ ਮਜਬੂਤ ਕੀਤਾ ਜਾ ਰਿਹਾ ਹੈ।

ਹੋਰ ਜਾਣਕਾਰੀ ਸਾਂਝੀ ਕਰਦੇ ਹੋਏ ਕਾਰਜ਼ ਕਾਰੀ ਸਿਵਲ ਸਰਜਨ ਡਾ ਏਰਿਕ ਨੇ ਦੱਸਿਆ ਕਿ ਇਸ ਡਾਇਲਸਿਸ ਸੈਂਟਰ ਵਿੱਚ 3 ਅਧੁਨਿਕ ਮਸ਼ੀਨਾਂ ਸਥਾਪਿਤ ਕੀਤੀਆਂ ਗਈਆਂ ਹਨ। ਜਿਸ ਨੂੰ ਸਰਕਾਰ ਨਾਲ ਮਿਲ ਕੇ ਹੰਸ ਫਾਉਂਡੇਸ਼ਨ ਵਲੋ ਸਿਵਿਲ ਹਸਪਤਾਲ ਵਿਖੇ ਸ਼ੁਰੂ ਕੀਤਾ ਗਿਆ ਹੈ।ਇਸ ਲਈ ਡਾਇਲਸਿਸ ਯੂਨਿਟ ਦੇ ਇੰਚਾਰਜ ਡਾ ਰੋਹਿਤ ਨਾਲ ਉਨ੍ਹਾਂ ਦੀ ਟੀਮ ਕੰਮ ਕਰੇਗੀ ਅਤੇ ਇੰਨ੍ਹਾਂ ਮਸ਼ੀਨਾਂ ਨਾਲ ਪ੍ਰਤੀ ਦਿਨ 6 ਮਰੀਜ਼ਾਂ ਦਾ ਡਾਇਲਸਿਸ ਕੀਤਾ ਜਾ ਸਕੇਗਾ। ਇਸ ਸੈਂਟਰ ਵਿੱਚ ਮਰੀਜਾਂ ਦਾ ਇਲਾਜ ਮੁਫ਼ਤ ਕੀਤਾ ਜਾਵੇਗਾ।

# ਮਾਈਕਰੋ ਪਲਾਨਿੰਗ ਤਰੀਕੇ ਨਾਲ ਕੀਤਾ ਜਾਵੇ ਪਰਾਲੀ ਪ੍ਰਬੰਧਨ -- ਡਿਪਟੀ ਕਮਿਸ਼ਨਰ

**ਸ੍ਰੀ ਮੁਕਤਸਰ ਸਾਹਿਬ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਸਰਕਾਰ ਵੱਲੋਂ ਝੋਨੇ ਦੇ ਸੀਜ਼ਨ ਦੌਰਾਨ ਪਰਾਲੀ ਦਾ ਪ੍ਰਬੰਧਨ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ, ਇਸੇ ਲੜੀ ਤਹਿਤ ਸ਼੍ਰੀ ਰਾਜੇਸ਼ ਤ੍ਰਿਪਾਠੀ ਡਿਪਟੀ ਕਮਿਸ਼ਨਰ, ਸ਼੍ਰੀ ਮੁਕਤਸਰ ਸਾਹਿਬ ਦੀ ਪ੍ਰਧਾਨਗੀ ਹੇਠ ਅਹਿਮ ਮੀਟਿੰਗ ਹੋਈ । ਡਿਪਟੀ ਕਮਿਸ਼ਨਰ ਨੇ ਪਰਾਲੀ ਪ੍ਰਬੰਧਨ ਲਈ ਤਾਇਨਾਤ ਕੀਤੇ ਗਏ ਨੋਡਲ ਅਫਸਰਾਂ ਅਤੇ ਕਲਸਟਰ ਅਫਰਾਂ ਨੂੰ ਹਦਾਇਤ ਕੀਤੀ ਕਿ ਪਰਾਲੀ ਨੂੰ ਅੱਗ ਤੋਂ ਬਚਾਉਣ ਲਈ ਪਿੰਡਾਂ ਵਿੱਚ ਮਾਈਕਰੋ ਪਲਾਨਿੰਗ ਤਰੀਕੇ ਨਾਲ ਪਰਾਲੀ ਪ੍ਰਬੰਧਨ ਕੀਤਾ ਜਾਵੇ।

ਉਹਨਾਂ ਇਹ ਵੀ ਹਦਾਇਤ ਕੀਤੀ ਕਿ ਝੋਨੇ ਦੀ ਕਟਾਈ ਦਾ ਸੀਜ਼ਨ 15 ਅਕਤੂਬਰ ਤੋਂ ਸ਼ੁਰੂ ਹੋਣ ਦੀ ਉਮੀਦ ਹੈ, ਇਸ ਲਈ ਉਹ ਝੋਨੇ ਦੀ ਕਟਾਈ ਦਾ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ-ਪਹਿਲਾਂ ਸਬੰਧਿਤ ਥਾਣਾ ਇੰਚਾਰਜ਼ ਨਾਲ ਤਾਲਮੇਲ ਕਰਦੇ ਹੋਏ ਆਪਣੇ ਅਧੀਨ ਆਉਂਦੇ ਪਿੰਡਾਂ ਵਿੱਚ ਦੌਰਾ ਕਰਨਾ ਸ਼ੁਰੂ ਕਰ ਦੇਣ ਅਤੇ ਪਰਾਲੀ ਪ੍ਰਬੰਧਨ ਸਬੰਧੀ ਸਾਰਥਿਕ ਯਤਨ ਸ਼ੁਰੂ ਕਰ ਦਿੱਤੇ ਜਾਣ ਅਤੇ ਜਿ ?ਲ੍ਹੇ ਦੇ ਜਿੰਨ੍ਹਾਂ 40 ਪਿੰਡਾਂ ਵਿੱਚ ਪਿਛਲੇ ਸਾਲਾਂ ਦੌਰਾਨ ਵੱਧ ਅੱਗ ਲੱਗਣ ਦੀਆਂ ਘਟਨਾਵਾਂ ਦਰਜ਼ ਹੋਈਆਂ ਹਨ, ਉਨ੍ਹਾਂ ਪਿੰਡਾਂ ਵਿੱਚ ਕਲਸਟਰ ਇੰਚਾਰਜ਼ ਅਫ਼ਸਰਾਂ ਦੇ ਨਾਲ ਤਹਿਸੀਲਦਾਰ, ਐਸ.ਐਚ.ਓ, ਪਟਵਾਰੀ, ਨੋਡਲ ਅਫ਼ਸਰ ਅਤੇ ਪਿੰਡਾਂ ਦੇ ਨੰਬਰਦਾਰ ਲਗਾਤਾਰ ਝੋਨੇ ਵਾਲੇ ਖੇਤਾਂ ਦਾ ਦੌਰਾ ਕਰਦੇ ਰਹਿਣ, ਇਸ ਤੋਂ ਇਲਾਵਾ ਸਬੰਧਿਤ ਪਿੰਡਾਂ ਦੇ ਉਪ ਮੰਡਲ ਮੈਜਿਸਟ੍ਰੇਟ ਵੀ ਆਪਣੇ ਪੱਧਰ ਤੇ ਦੌਰਾ ਕਰਨਾ ਯਕੀਨੀ ਬਨਾਉਣ। ਇਸ ਮੌਕੇ ਉਨ੍ਹਾਂ ਜਿਲ੍ਹਾ ਸਿੱਖਿਆ ਅਫ਼ਸਰ, ਸ੍ਰੀ ਮੁਕਤਸਰ ਸਾਹਿਬ ਨੂੰ ਹਦਾਇਤ ਕੀਤੀ ਕਿ ਉਹ ਹਾਟ ਸਪਾਟ ਵਾਲੇ ਪਿੰਡਾਂ ਵਿੱਚ ਸਕੂਲੀ ਬੱਚਿਆਂ ਰਾਹੀਂ ਐਕਟੀਵਿਟੀ ਕਰਵਾਉਂਦੇ ਹੋਏ, ਕਿਸਾਨਾਂ ਨੂੰ ਪਰਾਲੀ ਨੂੰ ਅੱਗ ਲਗਾਉਣ ਦੇ ਮਾੜੇ ਪ੍ਰਭਾਵਾਂ ਸਬੰਧੀ ਜਾਗਰੂਕ ਕਰਨ। ਉਨ੍ਹਾਂ ਸਹਿਕਾਰੀ ਸਭਾਵਾਂ ਵਿਭਾਗ ਨੂੰ ਹਦਾਇਤ ਕੀਤੀ ਕਿ ਕੋਆਪਰੇਟਿਵ ਸੁਸਾਇਟੀਆਂ ਦੁਆਰਾ ਪਰਾਲੀ ਪ੍ਰਬੰਧਨ ਲਈ ਵੱਧ ਤੋਂ ਵੱਧ ਛੋਟੇ ਅਤੇ ਸੀਮਾਂਤਵ ਕਿਸਾਨਾਂ ਨੂੰ ਮਸ਼ੀਨਾਂ ਮੁਹੱਈਆ ਕਰਵਾਈਆਂ ਜਾਣ। ਉਹਨਾਂ ਖੇਤੀਬਾੜੀ ਵਿਭਾਗ ਨੂੰ ਹਦਾਇਤ ਕੀਤੀ ਕਿ ਜ਼ੀਰੋ ਬਰਨਿੰਗ ਵਾਲੇ ਪਿੰਡਾਂ ਵਿੱਚ ਅੱਗ ਨਾ ਲਗਾਉਣ ਵਾਲੇ ਕਿਸਾਨਾਂ ਨੂੰ ਸਨਮਾਨਿਤ ਕੀਤਾ ਜਾਵੇ। ਮੀਟਿੰਗ ਦੌਰਾਨ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਦੇ ਝੋਨੇ ਅਤੇ ਸੇਮ ਪ੍ਰਭਾਵਿਤ ਏਰੀਏ ਵਿੱਚ ਬੀਜੇ ਗਏ ਝੋਨੇ ਦੀ ਪਰਾਲੀ ਪ੍ਰਬੰਧਨ ਕਰਨ ਸਬੰਧੀ ਵੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਡਾ: ਸੰਜੀਵ ਕੁਮਾਰ ਵਧੀਕ ਡਿਪਟੀ ਕਮਿਸ਼ਨਰ(ਜ), ਸ਼੍ਰੀ ਮੁਕਤਸਰ ਸਾਹਿਬ, ਸ਼੍ਰੀਮਤੀ ਬਲਜੀਤ ਕੌਰ ਐਸ.ਡੀ.ਐਮ.ਸ੍ਰੀ ਮੁਕਤਸਰ ਸਾਹਿਬ, ਸ੍ਰੀ ਜਸਪਾਲ ਸਿੰਘ ਐਸ.ਡੀ.ਐਮ.ਗਿੱਦੜਬਾਹਾ, ਸ੍ਰੀ ਗੁਰਨਾਮ ਸਿੰਘ ਮੁੱਖ ਖੇਤੀਬਾੜੀ ਅਫ਼ਸਰ, ਸ੍ਰੀ ਮੁਕਤਸਰ ਸਾਹਿਬ ਤੋਂ ਇਲਾਵਾ ਸਮੂਹ ਅਧਿਕਾਰੀ ਵੀ ਹਾਜ਼ਰ ਸਨ।

# ਰਾਹੁਲ ਗਾਂਧੀ ਨੂੰ ਤਾਂ ਐਮਐਸਪੀ ਦਾ ਮਤਲਬ ਤੱਕ ਨਹੀਂ ਪਤਾ: ਅਮਿਤ ਸ਼ਾਹ

**ਚੰਡੀਗੜ੍ਹ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸ਼ੁੱਕਰਵਾਰ ਨੂੰ ਹਰਿਅਣਾ ਦੇ ਰੇਵਾੜੀ ਵਿਚ ਭਾਜਪਾ ਦੀ ਚੋਣ ਰੈਲੀ ਨੂੰ ਸੰਬੋਧਨ ਦੌਰਾਨ ਕਾਂਗਰਸ ਆਗੂ ਤੇ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਉਤੇ ਜ਼ੋਰਦਾਰ ਹਮਲਾ ਬੋਲਦਿਆਂ ਸਵਾਲ ਕੀਤਾ ਕਿ ਕੀ ਰਾਹੁਲ ਨੂੰ 'ਐਮਐਸਪੀ' ਦਾ ਪੂਰਾ ਮਤਲਬ ਵੀ ਪਤਾ ਹੈ। ਉਨ੍ਹਾਂ ਨਾਲ ਹੀ ਦਾਅਵਾ ਕੀਤਾ ਕਿ ਹਰਿਆਣਾ ਦੀ ਭਾਜਪਾ ਸਰਕਾਰ 24 ਫ਼ਸਲਾਂ ਘੱਟੋ-ਘੱਟ ਸਮਰਥਨ ਮੁੱਲ (ਐਮਐਸਪੀ) ਉਤੇ ਖ਼ਰੀਦ ਰਹੀ ਹੈ।

ਉਨ੍ਹਾਂ ਦੋਸ਼ ਲਾਇਆ ਕਿ ਰਾਹੁਲ ਸਿਰਫ਼ ਇਸ ਕਾਰਨ ਐਮਐਸਪੀ ਦੀ ਗੱਲ ਕਰ ਰਹੇ ਹਨ ਕਿਉਂਕਿ ਕਿਸੇ ਐਨਜੀਓ ਨੇ ਰਾਹੁਲ 'ਬਾਬਾ' ਨੂੰ ਇਹ ਦੱਸ ਦਿੱਤਾ ਹੈ ਕਿ ਅਜਿਹਾ ਕਰਨ ਨਾਲ ਉਨ੍ਹਾਂ ਨੂੰ ਵੋਟਾਂ ਮਿਲਣਗੀਆਂ। ਉਨ੍ਹਾਂ ਕਿਹਾ, "ਰਾਹੁਲ ਬਾਬਾ, ਕੀ ਤੁਹਾਨੂੰ ਐਮਐਸਪੀ ਦੀ ਫੁੱਲ ਫਾਰਮ ਵੀ ਪਤਾ ਹੈ। ਤੁਹਾਨੂੰ ਪਤਾ ਹੈ ਕਿ ਕਿਹੜੀਆਂ ਫ਼ਸਲਾਂ ਸਾਉਣੀ ਦੀਆਂ ਹੁੰਦੀਆਂ ਹਨ ਤੇ ਕਿਹੜੀਆਂ ਹਾੜ੍ਹੀ ਦੀਆਂ।"

ਹਰਿਅਣਾ ਵਿਚ 5 ਅਕਤੂਬਰ ਨੂੰ ਹੋ ਰਹੀਆਂ ਵਿਧਾਨ ਸਭਾ ਚੋਣਾਂ ਲਈ ਭਾਜਪਾ ਦੇ ਹੱਕ ਵਿਚ ਪ੍ਰਚਾਰ ਕਰਨ ਆਏ ਸ਼ਾਹ ਨੇ ਕਾਂਗਰਸ ਉਤੇ ਭ੍ਰਿਸ਼ਟਾਚਾਰ ਤੇ ਰਾਖਵੇਂਕਰਨ ਦੇ ਮੁੱਦੇ ਉਤੇ ਵੀ ਹਮਲੇ ਬੋਲੇ। ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸੀ ਸਰਕਾਰਾਂ ਸਿਰਫ਼ 'ਕਮਿਸ਼ਨ ਤੇ ਭ੍ਰਿਸ਼ਟਾਚਾਰ' ਦੇ ਜ਼ਰੀਏ ਚੱਲਦੀਆਂ ਸਨ ਜਦੋਂਕਿ ਦੂਜੇ ਪਾਸੇ 'ਡੀਲਰ, ਦਲਾਲ ਤੇ ਦਾਮਾਦ' ਰਾਜ ਕਰਦੇ ਸਨ

# ਹਵਾ ਪ੍ਰਦੂਸ਼ਣ ਅਤੇ ਪਰਾਲੀ ਸਾੜਨ ਨੂੰ ਲੈ ਕੇ ਸੁਪਰੀਮਕੋਰਟ ਸਖ਼ਤ

**ਨਵੀਂ ਦਿੱਲੀ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸੁਪਰੀਮ ਕੋਰਟ ਨੇ ਦਿੱਲੀ-NCR ਪ੍ਰਦੂਸ਼ਣ ਨੂੰ ਲੈ ਕੇ ਏਅਰ ਕੁਆਲਿਟੀ ਮੈਨੇਜਮੈਂਟ ਕਮਿਸ਼ਨ (AQMC) ਨੂੰ ਝਾੜ ਪਾਈ ਹੈ। ਸੁਪਰੀਮ ਕੋਰਟ ਨੇ ਫਸਲਾਂ ਦੀ ਰਹਿੰਦ-ਖੂੰਹਦ ਨੂੰ ਸਾੜਨ ਕਾਰਨ ਹਵਾ ਪ੍ਰਦੂਸ਼ਣ 'ਤੇ ਰੋਕ ਲਗਾਉਣ 'ਚ ਅਸਫਲ ਰਹਿਣ 'ਤੇ ਏਅਰ ਕੁਆਲਿਟੀ ਮੈਨੇਜਮੈਂਟ ਕਮਿਸ਼ਨ ਨੂੰ ਝਾੜ ਪਾਈ।

ਜਸਟਿਸ ਆਭਾ ਐਸ. ਓਕਾ ਅਤੇ ਜਸਟਿਸ ਆਗਸਟੀਨ ਜਾਰਜ ਮਸੀਹ ਦੀ ਬੈਂਚ ਨੇ ਕਿਹਾ ਕਿ ਹਵਾ ਗੁਣਵੱਤਾ ਪੈਨਲ ਨੂੰ ਆਪਣੀ ਪਹੁੰਚ 'ਚ ਵਧੇਰੇ ਸਰਗਰਮ ਹੋਣ ਦੀ ਲੋੜ ਹੈ। ਕੋਰਟ ਨੇ ਇਸ ਗੱਲ 'ਤੇ ਵੀ ਹੈਰਾਨੀ ਜਤਾਈ ਕਿ ਕਮਿਸ਼ਨ ਦੀ ਸਬ-ਕਮੇਟੀ ਦੀ ਬੈਠਕ ਸਾਲ ਵਿਚ ਸਿਰਫ 4 ਵਾਰ ਹੁੰਦੀ ਹੈ। ਕੋਰਟ ਨੇ ਬੈਠਕਾਂ ਦਾ ਬਿਊਰਾ ਵੀ ਮੰਗਿਆ ਹੈ।

ਸੁਪਰੀਮ ਕੋਰਟ ਨੇ ਕਿਹਾ ਕਿ ਪਰਾਲੀ ਸਾੜਨ ਵਾਲੇ ਬਦਲਵੇਂ ਉਪਕਰਨਾਂ ਦੀ ਜ਼ਮੀਨੀ ਪੱਧਰ 'ਤੇ ਵਰਤੋਂ ਯਕੀਨੀ ਬਣਾਉਣ ਲਈ ਯਤਨਾਂ ਦੀ ਲੋੜ ਹੈ। ਇਸ ਨੇ ਪੈਨਲ ਨੂੰ ਇਕ ਬਿਹਤਰ ਪਾਲਣਾ ਰਿਪੋਰਟ ਦਾਇਰ ਕਰਨ ਦਾ ਨਿਰਦੇਸ਼ ਦਿੱਤਾ ਹੈ। ਕਮਿਸ਼ਨ ਤੋਂ ਇਹ ਵੀ ਯਕੀਨੀ ਕਰਨ ਨੂੰ ਕਿਹਾ ਹੈ ਕਿ ਕਿਸਾਨਾਂ ਨੂੰ ਪਰਾਲੀ ਨਸ਼ਟ ਕਰਨ ਲਈ ਦਿੱਤੀਆਂ ਗਈਆਂ ਮਸ਼ੀਨਾਂ ਦਾ ਇਸਤੇਮਾਲ ਹੋਵੇ।

# ਭ੍ਰਿਸ਼ਟ ਸੋਰੇਨ ਜੇਲ੍ਹ ਕੱਟਣ ਮਗਰੋਂ ਖ਼ੁਦ ਨੂੰ ਸ਼ਹੀਦ ਦੱਸਣ ਲੱਗੇ: ਰਾਜਨਾਥ

## ਲੋਕਾਂ ਨੂੰ ਝਾਰਖੰਡ ਮੁਕਤੀ ਮੋਰਚਾ ਦੀ ਸਰਕਾਰ ਨੂੰ ਸੱਤਾ ਤੋਂ ਹਟਾਉਣ ਦਾ ਦਿੱਤਾ ਸੱਦਾ

**ਧਨਬਾਦ, 26 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਜੇਲ੍ਹ ਜਾਣ ਮਗਰੋਂ ਖ਼ੁਦ ਨੂੰ 'ਸ਼ਹੀਦ ਵਜੋਂ ਪੇਸ਼ ਕਰਨ' ਲਈ ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਦੀ ਅੱਜ ਆਲੋਚਨਾ ਕੀਤੀ ਅਤੇ ਵੋਟਰਾਂ ਨੂੰ ਝਾਰਖੰਡ ਮੁਕਤੀ ਮੋਰਚਾ (ਜੇਐੱਮਐੱਮ) ਦੀ ਅਗਵਾਈ ਹੇਠਲੀ ਸਰਕਾਰ ਨੂੰ ਸੱਤਾ ਤੋਂ ਹਟਾਉਣ ਦੀ ਅਪੀਲ ਕੀਤੀ।

ਉਨ੍ਹਾਂ ਇੱਥੇ 'ਗੋਲਫ ਗਰਾਊਂਡ' 'ਚ ਪਰਿਵਰਤਨ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ, 'ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਭ੍ਰਿਸ਼ਟਾਚਾਰ ਦੇ ਦੋਸ਼ ਹੇਠ ਜੇਲ੍ਹ ਜਾਣ ਮਗਰੋਂ 'ਸ਼ਹੀਦ' ਬਣ ਦੇ ਘੁੰਮ ਰਹੇ ਹਨ। ਭ੍ਰਿਸ਼ਟਾਚਾਰ ਦੇ ਦੋਸ਼ ਹੇਠ ਜੇਲ੍ਹ ਜਾਣਾ ਕੋਈ ਸ਼ਹਾਦਤ ਹੈ? ਅਜਿਹੇ ਭ੍ਰਿਸ਼ਟ ਮੁੱਖ ਮੰਤਰੀ ਝਾਰਖੰਡ ਨੂੰ ਵਿਕਾਸ ਵੱਲ ਨਹੀਂ ਲਿਜਾ ਸਕਦੇ।' ਉਨ੍ਹਾਂ ਕਿਹਾ, 'ਅਜਿਹੀਆਂ ਤਾਕਤਾਂ ਨੂੰ ਬਾਹਰ ਦਾ ਰਾਹ ਦਿਖਾਓ ਤੇ ਸੂਬੇ ਦੇ ਮਿਸਾਲੀ ਵਿਕਾਸ ਲਈ ਭਾਜਪਾ ਨੂੰ ਦੋ ਕਾਰਜਕਾਲ ਦਿਓ।' ਉਨ੍ਹਾਂ ਮੌਜੂਦਾ ਸਰਕਾਰ 'ਤੇ ਸਿਆਸੀ ਲਾਭ ਲਈ 'ਘੁਸਪੈਠ ਤੇ ਧਰਮ ਤਬਦੀਲੀ' ਨੂੰ ਸ਼ਹਿ ਦੇਣ ਦਾ ਦੋਸ਼ ਲਾਇਆ ਅਤੇ ਵਾਅਦਾ ਕੀਤਾ ਕਿ ਭਾਜਪਾ ਸਰਕਾਰ ਬਣਨ 'ਤੇ ਝਾਰਖੰਡ ਤੋਂ ਸਾਰੇ ਬੰਗਲਾਦੇਸ਼ੀ ਘੁਸਪੈਠੀਆਂ ਨੂੰ ਬਾਹਰ ਕੱਢਿਆ ਜਾਵੇਗਾ। ਉਨ੍ਹਾਂ 'ਇੱਕ ਦੇਸ਼, ਇੱਕ ਚੋਣ' ਨੀਤੀ ਦੀ ਵਕਾਲਤ ਕੀਤੀ ਅਤੇ ਕਿਹਾ ਕਿ ਇਸ ਨਾਲ ਸਰਕਾਰੀ ਖਜ਼ਾਨੇ 'ਚ ਚਾਰ ਲੱਖ ਕਰੋੜ ਰੁਪਏ ਦੀ ਬਚਤ ਹੋ ਸਕਦੀ ਹੈ ਕਿਉਂਕਿ ਵਾਰ-ਵਾਰ ਚੋਣ ਕਰਾਉਣ ਨਾਲ ਦੇਸ਼ ਨੂੰ ਤਕਰੀਬਨ ਸੱਤ ਲੱਖ ਕਰੋੜ ਰੁਪਏ ਦਾ ਨੁਕਸਾਨ ਹੁੰਦਾ ਹੈ। ਉਨ੍ਹਾਂ ਵਿਦੇਸ਼ਾਂ 'ਚ ਭਾਰਤ ਦੇ ਅਕਸ ਨੂੰ ਨੁਕਸਾਨ ਪਹੁੰਚਾਉਣ ਲਈ ਕਾਂਗਰਸ ਆਗੂ ਰਾਹੁਲ ਗਾਂਧੀ ਦੀ ਆਲੋਚਨਾ ਕੀਤੀ ਅਤੇ ਕਿਹਾ ਕਿ ਭਾਰਤ ਹੁਣ ਇੱਕ ਕਮਜ਼ੋਰ ਦੇਸ਼ ਨਹੀਂ ਹੈ। ਉਨ੍ਹਾਂ ਪਾਕਿਸਤਾਨ 'ਚ ਭਾਰਤ ਦੀ ਕਾਰਵਾਈ ਦਾ ਹਵਾਲਾ ਦਿੰਦਿਆਂ ਕਿਹਾ, 'ਅਸੀਂ ਕਿਸੇ ਨੂੰ ਭੜਕਾਉਂਦੇ ਨਹੀਂ, ਪਰ ਜੋ ਸਾਨੂੰ ਭੜਕਾਉਂਦਾ ਹੈ ਉਸ ਨੂੰ ਛੱਡਦੇ ਵੀ ਨਹੀਂ ਹਾਂ।'

# ਪਟਿਆਲਾ ਹਾਰਟ ਇੰਸਟੀਚਿਊਟ ਅਤੇ ਮਲਟੀਸਪੈਸ਼ਲਿਟੀ ਹਸਪਤਾਲ ਨੇ 'ਹਾਰਟ ਟੀਮ ਅਪ੍ਰੋਚ' ਦੀ ਮਹੱਤਤਾ 'ਤੇ ਜ਼ੋਰ ਦਿੱਤਾ




**ਪਟਿਆਲਾ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਹਾਰਟ ਇੰਸਟੀਚਿਊਟ ਅਤੇ ਮਲਟੀਸਪੈਸ਼ਲਿਟੀ ਹਸਪਤਾਲ ਨੇ ਦਿਲ ਦੀਆਂ ਬਿਮਾਰੀਆਂ ਦੇ ਇਲਾਜ ਵਿਚ 'ਹਾਰਟ ਟੀਮ ਅਪ੍ਰੋਚ' ਦੀ ਮਹੱਤਤਾ 'ਤੇ ਜ਼ੋਰ ਦਿੱਤਾ ਹੈ । ਹਸਪਤਾਲ ਨੇ ਦਿਲ ਦੀ ਬਿਮਾਰੀ ਬਾਰੇ ਜਾਗਰੂਕਤਾ ਵਧਾਉਣ ਦੀ ਜ਼ਰੂਰਤ 'ਤੇ ਵੀ ਜ਼ੋਰ ਦਿੱਤਾ।

ਪਟਿਆਲਾ ਹਾਰਟ ਇੰਸਟੀਚਿਊਟ ਐਂਡ ਮਲਟੀਸਪੈਸ਼ਲਿਟੀ ਹਸਪਤਾਲ ਦੇ ਐਮਡੀ ਅਤੇ ਚੀਫ ਕਾਰਡੀਓਲੋਜਿਸਟ ਡਾ ਜੀ ਐਸ ਸਿੱਧੂ ਨੇ ਕਿਹਾ, ÷ਹਸਪਤਾਲ ਵਿੱਚ ਇੱਕ ਛੱਤ ਹੇਠ 24 ਘੰਟੇ ਅਤਿ ਆਧੁਨਿਕ ਦਿਲ ਦੇ ਇਲਾਜ ਦੀ ਮੁਹਾਰਤ ਅਤੇ ਸਹੂਲਤਾਂ ਹਨ। ਹਸਪਤਾਲ ਪੰਜਾਬ ਦੇ ਮਾਲਵਾ ਖੇਤਰ ਦਾ ਇਕਲੌਤਾ ਹਸਪਤਾਲ ਹੈ ਜਿੱਥੇ ਇੰਨੀ ਚੰਗੀ ਤਰ੍ਹਾਂ ਨਾਲ ਲੈਸ ਟੀਮ ਅਤੇ ਦਿਲ ਦੀ ਦੇਖਭਾਲ ਲਈ ਆਧੁਨਿਕ ਸਹੂਲਤਾਂ ਹਨ।

ਹਸਪਤਾਲ ਦੀ ਟੀਮ ਵਿੱਚ ਸੀਨੀਅਰ ਇੰਟਰਵੈਨਸ਼ਨਲ ਕਾਰਡੀਓਲੋਜਿਸਟ ਡਾ ਸਿਮਰਜੋਤ ਸਿੰਘ ਸਰੀਨ, ਸੀਨੀਅਰ ਇੰਟਰਵੈਨਸ਼ਨਲ ਕਾਰਡੀਓਲੋਜਿਸਟ ਡਾ ਬੀਰਦਵਿੰਦਰ ਸਿੰਘ, ਇੰਟਰਵੈਨਸ਼ਨਲ ਕਾਰਡੀਓਲੋਜਿਸਟ ਡਾ ਗੁਰਦਰਸ਼ਨ ਸਿੰਘ ਅਤੇ ਕਾਰਡੀਐਕ ਇੰਟੈਨਸਿਵਿਸਟ ਡਾ ਬਿਸਵਜੀਤ ਮਹਾਰਾਣਾ ਸ਼ਾਮਲ ਹਨ, ਜਿਨ੍ਹਾਂ ਵਿੱਚੋਂ ਹਰੇਕ ਨੂੰ ਮੁੱਢਲੀ ਐਂਜੀਓਪਲਾਸਟੀ ਦੀ ਲੋੜ ਵਾਲੇ ਤੀਬਰ ਮਾਇਓਕਾਰਡੀਅਲ ਇਨਫਾਰਕਸ਼ਨ (ਦਿਲ ਦਾ ਦੌਰਾ) ਦੇ ਪ੍ਰਬੰਧਨ ਵਿੱਚ ਮੁਹਾਰਤ ਹੈ।

ਇਸ ਮੌਕੇ ਚੀਫ ਓਪਰੇਟਿੰਗ ਅਫਸਰ ਦਿਲਸ਼ਾਦ ਸਿੰਘ ਸਿੱਧੂ, ਕਾਰਡੀਓਥੋਰਾਸਿਕ ਅਤੇ ਵੈਸਕੁਲਰ ਸਰਜਨ ਡਾ. ਸੁਰਿੰਦਰ ਪਾਲ ਸਿੰਘ ਬੱਗਾ ਅਤੇ ਇਸ ਮੌਕੇ ਮੈਡੀਕਲ ਡਾਇਰੈਕਟਰ ਅਤੇ ਕੰਸਲਟੈਂਟ-ਇੰਟਰਨਲ ਮੈਡੀਸਨ ਡਾ ਐਮਜੇ ਜੈਕਾਂਤ ਵੀ ਮੌਜੂਦ ਸਨ।

ਇਸ ਮੌਕੇ ਡਾ. ਸਿੱਧੂ ਨੇ 'ਡੋਰ-ਟੂ-ਬਲੂਨ ਟਾਈਮ' ਦੇ ਬਾਰੇ ਵੀ ਵਿਸਥਾਰ ਨਾਲ ਦੱਸਿਆ । ਆਮ ਆਦਮੀ ਦੇ ਸ਼ਬਦਾਂ ਵਿੱਚ, ਇਸਦਾ ਮਤਲਬ ਇਹ ਹੈ ਕਿ ਜਿੰਨੀ ਜਲਦੀ ਡਾਕਟਰੀ ਟੀਮ ਦਿਲ ਵਿੱਚ ਖੂਨ ਦੇ ਪ੍ਰਵਾਹ ਨੂੰ ਬਹਾਲ ਕਰਨ ਲਈ ਲੋੜੀਂਦੀ ਪ੍ਰਕਿਰਿਆ ਕਰ ਸਕਦੀ ਹੈ, ਮਰੀਜ਼ ਲਈ ਠੀਕ ਹੋਣ ਅਤੇ ਬਚਣ ਦੀ ਸੰਭਾਵਨਾ ਓਨੀ ਹੀ ਵਧੀਆ ਹੁੰਦੀ ਹੈ ।

ਸੁਰਿੰਦਰ ਪਾਲ ਸਿੰਘ ਬੱਗਾ ਨੇ ਜ਼ੋਰ ਦੇ ਕੇ ਕਿਹਾ ਕਿ ਦਿਲ ਦੇ ਦੌਰੇ ਦੌਰਾਨ ਜਾਨਾਂ ਬਚਾਉਣਾ ਲਈ ਪ੍ਰਭਾਵਸ਼ਾਲੀ ਟੀਮ ਵਰਕ ਦੀ ਲੋੜ ਹੁੰਦੀ ਹੈ। ਦਿਲ ਦੇ ਦੌਰੇ ਦੇ ਲੱਛਣਾਂ ਬਾਰੇ ਜਾਗਰੂਕਤਾ ਫੈਲਾਉਣ ਦੀ ਅਪੀਲ ਕੀਤੀ, ਜਿਸ ਵਿੱਚ ਛਾਤੀ ਵਿੱਚ ਦਰਦ, ਸਾਹ ਦੀ ਕਮੀ, ਮਤਲੀ ਅਤੇ ਹੱਥਾਂ, ਗਰਦਨ ਜਾਂ ਜਬਾੜੇ ਵਿੱਚ ਦਰਦ ਸ਼ਾਮਲ ਹੋ ਸਕਦੇ ਹਨ। ਡਾ ਐਮਜੇ ਜੈਕਾਂਤ ਨੇ ਪਟਿਆਲਾ ਹਾਰਟ ਇੰਸਟੀਚਿਊਟ ਅਤੇ ਮਲਟੀਸਪੈਸ਼ਲਿਟੀ ਹਸਪਤਾਲ ਵਿਖੇ 'ਹਾਰਟ ਟੀਮ ਅਪ੍ਰੋਚ' ਦੀ ਮਹੱਤਤਾ 'ਤੇ ਚਾਨਣਾ ਪਾਇਆ। ਰੋਕਥਾਮ ਹਮੇਸ਼ਾ ਸਭ ਤੋਂ ਵਧੀਆ ਰਣਨੀਤੀ ਹੁੰਦੀ ਹੈ। ਦਿਲ ਦੇ ਦੌਰੇ ਦੇ ਮਾਮਲੇ ਵਿੱਚ ਸਮੇਂ ਸਿਰ ਦਖਲ ਦੇਣਾ ਮਹੱਤਵਪੂਰਨ ਹੈ। ਇਹ ਜ਼ਰੂਰੀ ਹੈ ਕਿ ਉਹ ਆਪਣੀ ਦਿਲ-ਧਮਣੀਆਂ ਦੀ ਸਿਹਤ ਬਾਰੇ ਜਾਗਰੂਕ ਹੋਣ ਅਤੇ ਜਾਂਚਾਂ ਅਤੇ ਮੁਲਾਂਕਣਾਂ ਲਈ ਸਿਹਤ ਪੇਸ਼ੇਵਰਾਂ ਨਾਲ ਨਿਯਮਤ ਤੌਰ 'ਤੇ ਸਲਾਹ-ਮਸ਼ਵਰਾ ਕਰਨ।

# 13 ਬਾਗੀਆਂ ਨੂੰ ਕਾਂਗਰਸ ਨੇ 6 ਸਾਲ ਲਈ ਪਾਰਟੀ 'ਚੋਂ ਕੱਢਿਆ

**ਚੰਡੀਗੜ੍ਹ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਕਾਂਗਰਸ ਨੇ ਸ਼ੁੱਕਰਵਾਰ ਨੂੰ ਪਾਰਟੀ ਨਾਲ ਬਗਾਵਤ ਕਰਦਿਆਂ ਵਿਧਾਨ ਸਭਾ ਚੋਣਾਂ ਲੜ ਰਹੇ 13 ਬਾਗੀਆਂ ਨੂੰ ਪਾਰਟੀ 'ਚੋਂ ਕੱਢ ਦਿੱਤਾ। ਸੂਬਾ ਕਾਂਗਰਸ ਪ੍ਰਧਾਨ ਉਦੈ ਭਾਨ ਵੱਲੋਂ ਇੱਥੇ ਜਾਰੀ ਬਿਆਨ ਅਨੁਸਾਰ ਪਾਰਟੀ ਦੇ ਅਧਿਕਾਰਤ ਉਮੀਦਵਾਰਾਂ ਵਿਰੁੱਧ ਚੋਣ ਲੜਨ ਵਾਲੇ ਬਾਗੀਆਂ ਵਿਰੁੱਧ ਪਾਰਟੀ ਵਿਰੋਧੀ ਗਤੀਵਿਧੀਆਂ 'ਚ ਸ਼ਾਮਲ ਹੋਣ ਦੇ ਦੋਸ਼ ਹੇਠ ਕਾਰਵਾਈ ਕੀਤੀ ਗਈ ਹੈ ਅਤੇ ਉਨ੍ਹਾਂ ਨੂੰ 6 ਸਾਲਾਂ ਲਈ ਪਾਰਟੀ 'ਚੋਂ ਕੱਢ ਦਿੱਤਾ ਗਿਆ ਹੈ।

ਉਨ੍ਹਾਂ 'ਚ ਨਰੇਸ਼ ਢਾਂਡੇ (ਗੁਹਲਾ ਰਾਖਵਾਂ), ਪ੍ਰਦੀਪ ਗਿੱਲ (ਜੀਂਦ), ਸੱਜਣ ਸਿੰਘ ਢੁੱਲ ਅਤੇ ਸੁਨੀਤਾ ਬੱਟਨ (ਪੁੰਡਰੀ), ਰਾਜੀਵ ਗੌਂਡਰ ਅਤੇ ਦਿਆਲ ਸਿੰਘ ਸਿਰੋਹੀ (ਨੀਲੋਖੇੜੀ ਰਾਖਵਾਂ), ਵਿਜੇ ਜੈਨ (ਪਾਨੀਪਤ ਦਿਹਾਤੀ), ਦਿਲਬਾਗ ਸੰਦਿਲ (ਉਚਾਨਾ ਕਲਾਂ), ਅਜੀਤ ਫੋਗਾਟ (ਦਾਦਰੀ), ਅਭਿਜੀਤ ਸਿੰਘ (ਭਿਵਾਨੀ), ਸਤਬੀਰ ਰਤੇਰਾ, ਨੀਤੂ ਮਾਨ (ਪ੍ਰਿਥਲਾ) ਅਤੇ ਅਨੀਤਾ ਢੁੱਲ ਬਡਸੀਕਰੀ (ਕਲਾਇਤ) ਸ਼ਾਮਲ ਹਨ।

# ਮਾਨ ਸਰਕਾਰ ਨੇ ਬਿਨਾਂ ਰਿਸ਼ਵਤ ਜਾਂ ਸਿਫਾਰਿਸ਼ ਦੇ 45 ਹਜ਼ਾਰ ਨੌਜਵਾਨਾਂ ਨੂੰ ਦਿੱਤੀਆਂ ਸਰਕਾਰੀ ਨੌਕਰੀਆਂ: ਆਪ

**ਚੰਡੀਗੜ੍ਹ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ (ਆਪ) ਨੇ ਵੱਡੀ ਗਿਣਤੀ ਵਿੱਚ ਸਰਕਾਰੀ ਨੌਕਰੀਆਂ ਦੇਣ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਤਾਰੀਫ਼ ਕੀਤੀ ਹੈ। 'ਆਪ' ਦੇ ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਮਾਨ ਸਰਕਾਰ ਨੇ ਪਿਛਲੇ ਢਾਈ ਸਾਲਾਂ ਵਿੱਚ 45 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਬਿਨਾਂ ਕਿਸੇ ਰਿਸ਼ਵਤ ਜਾਂ ਸਿਫ਼ਾਰਸ਼ ਦੇ ਸਰਕਾਰੀ ਨੌਕਰੀਆਂ ਦਿੱਤੀਆਂ ਹਨ।

ਸ਼ੁੱਕਰਵਾਰ ਨੂੰ ਚੰਡੀਗੜ੍ਹ ਪਾਰਟੀ ਦਫ਼ਤਰ ਵਿਖੇ ਮੀਡੀਆ ਨੂੰ ਸੰਬੋਧਨ ਕਰਦਿਆਂ ਮਲਵਿੰਦਰ ਕੰਗ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੌਰਾਨ ਲੋਕਾਂ ਨੂੰ ਸਰਕਾਰੀ ਨੌਕਰੀਆਂ ਲੈਣ ਲਈ ਲੱਖਾਂ ਰੁਪਏ ਬਤੌਰ ਰਿਸ਼ਵਤ ਦੇਣੀ ਪੈਂਦੀ ਸੀ ਅਤੇ ਜ਼ਿਆਦਾਤਰ ਸਰਕਾਰੀ ਨੌਕਰੀਆਂ ਸਿਆਸਤਦਾਨਾਂ ਦੇ ਪਰਿਵਾਰਾਂ ਅਤੇ ਰਿਸ਼ਤੇਦਾਰਾਂ ਨੂੰ ਹੀ ਮਿਲਦੀ ਸੀ । ਫਿਰ ਰੁਜ਼ਗਾਰ ਨਾ ਮਿਲਣ ਕਾਰਨ ਨੌਜਵਾਨਾਂ ਨੂੰ ਵਿਦੇਸ਼ ਜਾਣ ਲਈ ਮਜਬੂਰ ਹੋਣਾ ਪੈਂਦਾ ਸੀ।

ਮਾਨ ਸਰਕਾਰ ਨੇ ਸਰਕਾਰੀ ਨੌਕਰੀਆਂ ਵਿੱਚ ਰਿਸ਼ਵਤਖੋਰੀ ਅਤੇ ਸਿਆਸੀ ਸਿਫ਼ਾਰਸ਼ਾਂ ਦੀ ਰਵਾਇਤ ਖ਼ਤਮ ਕਰ ਦਿੱਤੀ ਹੈ। ਸਾਡੀ ਸਰਕਾਰ ਨੇ 45708 ਨੌਜਵਾਨਾਂ ਨੂੰ ਬਿਨਾਂ ਕਿਸੇ ਰਿਸ਼ਵਤ ਜਾਂ ਸਿਆਸੀ ਸਿਫ਼ਾਰਸ਼ ਅਤੇ ਯੋਗਤਾ ਦੇ ਆਧਾਰ 'ਤੇ ਸਰਕਾਰੀ ਨੌਕਰੀਆਂ ਦਿੱਤੀਆਂ ਹਨ।

ਕੰਗ ਨੇ ਨੌਕਰੀਆਂ ਦੇ ਅੰਕੜੇ ਗਿਣਾਉਂਦਿਆਂ ਦੱਸਿਆ ਕਿ ਸਰਕਾਰ ਨੇ ਲੋਕਲ ਬਾਡੀ ਵਿਭਾਗ ਵਿੱਚ 4870, ਬਿਜਲੀ ਵਿਭਾਗ ਵਿੱਚ 4953, ਖੇਤੀਬਾੜੀ ਵਿਭਾਗ ਵਿੱਚ 692, ਪਸ਼ੂ ਪਾਲਣ ਵਿਭਾਗ ਵਿੱਚ 700, ਸਹਿਕਾਰਤਾ ਵਿਭਾਗ ਵਿੱਚ 1234, ਸਿਹਤ ਵਿਭਾਗ ਵਿੱਚ 1369, ਜੇਲ੍ਹ ਵਿੱਚ 909, ਲੋਕ ਨਿਰਮਾਣ ਵਿਭਾਗ ਵਿੱਚ 564, ਮਾਲ ਵਿਭਾਗ ਵਿੱਚ 2220 ਅਤੇ ਜਲ ਸਰੋਤ ਵਿਭਾਗ ਵਿੱਚ 1779 ਸਮੇਤ ਕਈ ਹੋਰ ਵਿਭਾਗਾਂ ਵਿੱਚ ਸੈਂਕੜੇ ਨੌਕਰੀਆਂ ਕੱਢੀਆਂ।

# ਦੇਸ਼ ਨੂੰ ਸ਼ਰਮਸਾਰ ਕਰਨ ਦਾ ਕੋਈ ਮੌਕਾ ਨਹੀਂ ਛੱਡਦੇ ਰਾਹੁਲ : ਭਜਨ ਲਾਲ

**ਅਸੰਧ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜਸਥਾਨ ਦੇ ਮੁੱਖ ਮੰਤਰੀ ਭਜਨ ਲਾਲ ਸ਼ਰਮਾ ਨੇ ਕਾਂਗਰਸ ਆਗੂ ਰਾਹੁਲ ਗਾਂਧੀ 'ਤੇ ਦੇਸ਼ ਨੂੰ ਦੁਨੀਆਂ 'ਚ ਸ਼ਰਮਿੰਦਾ ਕਰਨ ਦਾ ਕੋਈ ਮੌਕਾ ਨਹੀਂ ਛੱਡਣ ਦਾ ਦੋਸ਼ ਲਾਉਂਦਿਆਂ ਕਿਹਾ ਹੈ ਕਿ ਉਹ ਜਦੋਂ ਵੀ ਵਿਦੇਸ਼ ਜਾਂਦੇ ਹਨ ਤਾਂ ਉੱਥੇ ਦੇਸ਼ ਵਿਰੋਧੀਆਂ ਨਾਲ ਮੁਲਾਕਾਤ ਕਰਦੇ ਹਨ। ਰਾਹੁਲ ਗਾਂਧੀ ਨੂੰ ਜਨਤਾ ਨੂੰ ਦੱਸਣਾ ਚਾਹੀਦਾ ਹੈ ਕਿ ਉਸ ਦਾ ਉਨ੍ਹਾਂ ਨਾਲ ਕੀ ਰਿਸ਼ਤਾ ਹੈ। ਸ਼੍ਰੀ ਸ਼ਰਮਾ ਸ਼ੁੱਕਰਵਾਰ ਨੂੰ ਹਰਿਆਣਾ ਦੇ ਅਸੰਧ ਵਿਧਾਨ ਸਭਾ ਹਲਕੇ 'ਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਉਮੀਦਵਾਰ ਯੋਗੇਂਦਰ ਰਾਣਾ ਦੇ ਸਮਰਥਨ 'ਚ ਆਯੋਜਿਤ ਚੋਣ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਉਹ ਸਿੱਖ ਭਰਾਵਾਂ ਬਾਰੇ ਭੱਦੀਆਂ ਟਿੱਪਣੀਆਂ ਕਰਕੇ ਦੇਸ਼ ਦੀ ਇੱਜ਼ਤ ਨੂੰ ਠੇਸ ਪਹੁੰਚਾਉਣ ਦਾ ਕੰਮ ਕਰਦੇ ਹਨ। ਕਾਂਗਰਸ ਦੀ ਸਰਕਾਰ ਵੇਲੇ 1984 ਦੌਰਾਨ ਸਿੱਖਾਂ ਨਾਲ ਕੀ ਬੀਤੀ ਸਾਰੀ ਦੁਨੀਆ ਜਾਣਦੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਦਾ ਗਰੀਬਾਂ ਅਤੇ ਮਜ਼ਦੂਰਾਂ ਨਾਲ ਕੋਈ ਸਬੰਧ ਨਹੀਂ ਹੈ। ਇਸ ਪਾਰਟੀ ਨੇ ਹਮੇਸ਼ਾ ਗਰੀਬਾਂ ਦਾ ਸ਼ੋਸ਼ਣ ਕੀਤਾ ਹੈ, ਜਦਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਿਰਫ਼ ਚਾਰ ਜਾਤਾਂ-ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ ਅਤੇ ਔਰਤਾਂ ਨੂੰ ਕੇਂਦਰ 'ਚ ਰੱਖ ਕੇ ਉਨ੍ਹਾਂ ਦੇ ਵਿਕਾਸ ਲਈ ਲਗਾਤਾਰ ਕੰਮ ਕੀਤਾ ਹੈ। ਉਨ੍ਹਾਂ ਵੱਲੋਂ ਕੀਤੇ ਵਿਕਾਸ ਕਾਰਜਾਂ ਸਦਕਾ ਅੱਜ ਹਰ ਵਰਗ ਦੀ ਭਲਾਈ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪਿਛਲੇ 10 ਸਾਲਾਂ 'ਚ ਭਾਜਪਾ ਦੀ ਸਰਕਾਰ ਨੇ ਹਰਿਆਣਾ ਦੇ ਵਿਕਾਸ ਨੂੰ ਹੁਲਾਰਾ ਦਿੱਤਾ ਹੈ। ਅੱਜ ਹਰਿਆਣਾ ਵਿਕਾਸ ਦੇ ਰਾਹ 'ਤੇ ਦੁੱਗਣੀ ਰਫ਼ਤਾਰ ਨਾਲ ਦੌੜ ਰਿਹਾ ਹੈ। ਭਾਜਪਾ ਸਰਕਾਰ ਨੇ ਉਦਯੋਗਿਕ ਖੇਤਰਾਂ ਦਾ ਵਿਕਾਸ, ਹਾਈਵੇਅ ਬਣਾਉਣ ਅਤੇ ਕਿਸਾਨਾਂ ਦੀ ਭਲਾਈ ਦੇ ਕੰਮ ਕੀਤੇ ਹਨ। ਇਸ ਵਿਕਾਸ ਦੀ ਰਫ਼ਤਾਰ ਨੂੰ ਬਰਕਰਾਰ ਰੱਖਣ ਲਈ ਮੁੜ ਤੋਂ ਵੱਡੇ ਪੱਧਰ 'ਤੇ ਭਾਜਪਾ ਦੀ ਸਰਕਾਰ ਬਣਾਈ ਜਾਵੇ। ਸ਼੍ਰੀ ਸ਼ਰਮਾ ਨੇ ਕਿਹਾ ਕਿ 2014 ਤੋਂ ਪਹਿਲਾਂ ਕਾਂਗਰਸ ਦੇ ਰਾਜ 'ਚ ਦੇਸ਼ 'ਚ ਹੋਏ ਭ੍ਰਿਸ਼ਟਾਚਾਰ ਅਤੇ ਘਪਲਿਆਂ ਨੂੰ ਹਰ ਕੋਈ ਜਾਣਦਾ ਹੈ। ਕਾਂਗਰਸ ਦੇਸ਼ 'ਚ ਭ੍ਰਿਸ਼ਟਾਚਾਰ ਦੀ ਮਾਂ ਹੈ ਅਤੇ ਇਸ ਨੇ ਸਿਰਫ਼ ਲੁੱਟ ਅਤੇ ਝੂਠ ਬੋਲਣ ਦਾ ਕੰਮ ਕੀਤਾ ਹੈ। ਕਾਂਗਰਸ ਦੇ ਰਾਜ ਦੌਰਾਨ ਬੱਸ ਅੱਡਿਆਂ, ਰੇਲਵੇ ਸਟੇਸ਼ਨਾਂ ਅਤੇ ਭੀੜ-ਭੜੱਕੇ ਵਾਲੀਆਂ ਥਾਵਾਂ 'ਤੇ ਬੰਬ ਧਮਾਕਿਆਂ ਦੀਆਂ ਘਟਨਾਵਾਂ ਆਮ ਹੋ ਗਈਆਂ ਸਨ ਪਰ ਜਦੋਂ ਤੋਂ ਸ਼੍ਰੀ ਮੋਦੀ ਨੇ ਦੇਸ਼ ਦੀ ਵਾਗਡੋਰ ਸੰਭਾਲੀ ਹੈ, ਦੁਸ਼ਮਣਾਂ ਨੂੰ ਮੂੰਹ ਤੋੜਵਾਂ ਜਵਾਬ ਦਿੱਤਾ ਜਾ ਰਿਹਾ ਹੈ।

# ਕੇਂਦਰ ਦੀ ਸੰਸਦੀ ਕਮੇਟੀ ਦੇ ਮੈਂਬਰ ਬਣੇ ਚਰਨਜੀਤ ਚੰਨੀ



**ਜਲੰਧਰ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਜਲੰਧਰ ਦੇ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਨੂੰ ਖੇਤੀਬਾੜੀ, ਪਸ਼ੂ ਪਾਲਣ, ਫੂਡ ਪ੍ਰੋਸੈਸਿੰਗ, ਮੱਛੀ ਪਾਲਣ, ਡੇਅਰੀ ਅਤੇ ਸਹਿਕਾਰਤਾ ਕਮੇਟੀ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਇਸ ਦੌਰਾਨ ਸਾਬਕਾ ਮੁੱਖ ਮੰਤਰੀ ਅਤੇ ਸੰਸਦ ਮੈਂਬਰ ਚਰਨਜੀਤ ਸਿੰਘ ਚਰਨਜੀਤ ਸਿੰਘ ਚੰਨੀ ਨੇ ਆਪਣੇ ਐਕਸ ਅਕਾਊਂਟ 'ਤੇ ਪੋਸਟ ਸਾਂਝੀ ਕਰਕੇ ਲਿਖਿਆ ਹੈ ਕਿ ਮੈਨੂੰ ਖੇਤੀਬਾੜੀ, ਪਸ਼ੂ ਪਾਲਣ, ਫੂਡ ਪ੍ਰੋਸੈਸਿੰਗ, ਮੱਛੀ ਪਾਲਣ, ਡੇਅਰੀ ਅਤੇ ਸਹਿਕਾਰਤਾ ਬਾਰੇ ਵੱਕਾਰੀ ਸੰਸਦੀ ਕਮੇਟੀ ਦੇ ਚੇਅਰਮੈਨ ਵਜੋਂ ਨਿਯੁਕਤ ਕੀਤੇ ਜਾਣ 'ਤੇ ਬਹੁਤ ਮਾਣ ਮਹਿਸੂਸ ਹੋ ਰਿਹਾ ਹੈ। ਉਨ੍ਹਾਂ ਕਿਹਾ ਪਾਰਟੀ ਹਾਈ ਕਮਾਂਡਰਾਹੁਲ ਗਾਂਧੀ, ਸ਼੍ਰੀਮਤੀ ਸੋਨੀਆ ਗਾਂਧੀ, ਖੜਗੇ ਅਤੇ ਸੰਸਦ ਦੇ ਮਾਨਯੋਗ ਸਪੀਕਰ ਦੇ ਭਰੋਸੇ ਅਤੇ ਸਮਰਥਨ ਲਈ ਧੰਨਵਾਦੀ ਹਾਂ। ਮੈਂ ਆਪਣੇ ਕਿਸਾਨਾਂ ਅਤੇ ਪੇਂਡੂ ਭਾਈਚਾਰਿਆਂ ਦੀ ਸਮਰਪਣ ਨਾਲ ਸੇਵਾ ਕਰਨ ਲਈ ਤਿਆਰ ਰਹਾਂਗਾ।

ਜਾਣਕਾਰੀ ਮੁਤਾਬਰ ਕੇਂਦਰ ਸਰਕਾਰ ਨੇ 2024-25 ਲਈ ਵਿਭਾਗ ਨਾਲ ਸਬੰਧਤ 24 ਸੰਸਦੀ ਸਥਾਈ ਕਮੇਟੀਆਂ ਦਾ ਗਠਨ ਕੀਤਾ ਹੈ। ਜਿਸ 'ਚ ਸਰਕਾਰ ਨੇ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੂੰ ਰੱਖਿਆ ਮਾਮਲਿਆਂ ਦੀ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ ਹੈ। ਇਸ ਕਮੇਟੀ ਵਿੱਚ ਕਾਂਗਰਸ ਪਾਰਟੀ ਦੇ ਮੈਂਬਰਾਂ ਨੂੰ ਚਾਰ ਕਮੇਟੀਆਂ ਦਾ ਚੇਅਰਪਰਸਨ ਬਣਾਇਆ ਗਿਆ ਹੈ, ਜਿਸ ਵਿੱਚ ਵਿਦੇਸ਼ੀ ਮਾਮਲੇ ਵੀ ਸ਼ਾਮਲ ਹਨ।

ਹਰੇਕ ਕਮੇਟੀ ਵਿੱਚ ਰਾਜ ਸਭਾ ਅਤੇ ਲੋਕ ਸਭਾ ਦੋਵਾਂ ਦੇ ਮੈਂਬਰ ਸ਼ਾਮਲ ਹੁੰਦੇ ਹਨ। ਇਸ ਦਰਮਿਆਨ ਚਰਨਜੀਤ ਸਿੰਘ ਚੰਨੀ ਨੂੰ ਖੇਤੀਬਾੜੀ, ਪਸ਼ੂ ਪਾਲਣ ਅਤੇ ਫੂਡ ਪ੍ਰੋਸੈਸਿੰਗ ਕਮੇਟੀ ਦੀ ਪ੍ਰਧਾਨਗੀ ਸੌਂਪੀ ਗਈ ਹੈ।

# ਇੰਦਰਾਨੀ ਮੁਖਰਜੀ ਨੂੰ ਵਿਦੇਸ਼ ਜਾਣ ਦੀ ਮਿਲੀ ਛੋਟ ਬੰਬੇ ਹਾਈ ਕੋਰਟ ਵੱਲੋਂ ਰੱਦ

**ਮੁੰਬਈ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸਾਬਕਾ ਮੀਡੀਆ ਐਗਜ਼ੈਕਟਿਵ ਇੰਦਰਾਨੀ ਮੁਖਰਜੀ, ਜੋ ਆਪਣੀ ਧੀ ਸ਼ੀਨਾ ਬੋਰਾ ਦੇ ਕਤਲ ਕੇਸ ਦੀ ਮੁੱਖ ਮੁਲਜ਼ਮ ਹੈ, ਨੂੰ ਵਿਦੇਸ਼ ਜਾਣ ਦੀ ਵਿਸ਼ੇਸ਼ ਅਦਾਲਤ ਵੱਲੋਂ ਦਿੱਤੀ ਗਈ ਛੋਟ ਨੂੰ ਬੰਬੇ ਹਾਈ ਕਰੋਟ ਨੇ ਸ਼ੁੱਕਰਵਾਰ ਨੂੰ ਰੱਦ ਕਰ ਦਿੱਤਾ ਹੈ। ਹਾਈ ਕੋਰਟ ਦੇ ਜਸਟਿਸ ਸ਼ਿਆਮ ਚਾਂਡਕ ਦੇ ਸਿੰਗਲ ਜੱਜ ਬੈਂਚ ਨੇ ਇਸ ਸਬੰਧੀ ਵਿਸ਼ੇਸ਼ ਅਦਾਲਤ ਦੇ ਫ਼ੈਸਲੇ ਖ਼ਿਲਾਫ਼ ਕੇਂਦਰੀ ਜਾਂਚ ਏਜੰਸੀ ਸੀਬੀਆਈ ਵੱਲੋਂ ਦਾਇਰ ਅਪੀਲ ਨੂੰ ਮਨਜ਼ੂਰ ਕਰਦਿਆਂ ਇਹ ਫ਼ੈਸਲਾ ਸੁਣਾਇਆ।

ਹਾਈ ਕੋਰਟ ਨੇ ਆਪਣੇ ਹੁਕਮਾਂ ਵਿਚ ਕਿਹਾ ਕਿ ਇੰਦਰਾਨੀ ਸੰਗੀਨ ਜੁਰਮ ਤਹਿਤ ਮੁਕੱਦਮੇ ਦਾ ਸਾਹਮਣਾ ਕਰ ਰਹੀ ਹੈ ਅਤੇ ਇਸ ਕਾਰਨ ਉਸ ਵੱਲੋਂ ਭਾਰਤ ਤੋਂ ਭੱਜ ਜਾਣ ਦੇ ਬਹੁਤ ਆਸਾਰ ਹਨ। ਵਿਸ਼ੇਸ਼ ਅਦਾਲਤ ਨੇ 19 ਜੁਲਾਈ ਨੂੰ ਜਾਰੀ ਆਪਣੇ ਹੁਕਮਾਂ ਵਿਚ ਇੰਦਰਾਨੀ ਨੂੰ ਯੂਰਪ (ਸਪੇਨ ਤੇ ਬਰਤਾਨੀਆ) ਦਾ ਦੌਰਾ ਕਰਨ ਦੀ ਇਜਾਜ਼ਤ ਦਿੱਤੀ ਸੀ।

# ਹਵਾਰਾ ਨੂੰ ਪੰਜਾਬ ਸ਼ਿਫਟ ਕਰਨ ਦੀ ਮੰਗ, ਸੁਪਰੀਮ ਕੋਰਟ ਪਹੁੰਚਿਆ ਮਾਮਲਾ

**ਨਵੀਂ ਦਿੱਲੀ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲਕਾਂਡ ਦੇ ਦੋਸ਼ੀ ਜਗਤਾਰ ਹਵਾਰਾ ਨੇ ਸੁਪਰੀਮ ਕੋਰਟ 'ਚ ਇਕ ਪਟੀਸ਼ਨ ਦਾਇਰ ਕੀਤੀ ਹੈ। ਇਸ 'ਚ ਉਸ ਨੇ ਖ਼ੁਦ ਨੂੰ ਦਿੱਲੀ ਦੀ ਤਿਹਾੜ ਜੇਲ੍ਹ ਤੋਂ ਪੰਜਾਬ ਦੀ ਕਿਸੇ ਜੇਲ੍ਹ 'ਚ ਸ਼ਿਫਟ ਕਰਨ ਦੀ ਮੰਗ ਕੀਤੀ ਹੈ। ਅਦਾਲਤ ਨੇ ਇਸ ਮਾਮਲੇ 'ਚ ਕੇਂਦਰ, ਦਿੱਲੀ ਸਰਕਾਰ ਅਤੇ ਪੰਜਾਬ ਸਰਕਾਰ ਤੋਂ ਜਵਾਬ ਮੰਗਿਆ। ਇਸ ਤੋਂ ਬਾਅਦ ਇਸ ਮਾਮਲੇ ਦੀ ਅਗਲੀ ਸੁਣਵਾਈ ਹੋਵੇਗੀ। ਪਟੀਸ਼ਨ 'ਚ ਦਲੀਲ ਦਿੱਤੀ ਗਈ ਹੈ ਕਿ ਉਹ ਤਿਹਾੜ ਜੇਲ੍ਹ 'ਚ ਬੰਦ ਇਕ ਸਜ਼ਾ ਯਾਫਤਾ ਕੈਦੀ ਹੈ ਅਤੇ ਉਸ ਖ਼ਿਲਾਫ਼ ਦਿੱਲੀ 'ਚ ਕੋਈ ਮਾਮਲਾ ਦਰਜ ਨਹੀਂ ਹੈ। ਮੌਜੂਦਾ ਸਮੇਂ ਪੰਜਾਬ 'ਚ ਦਰਜ ਇਕ ਮਾਮਲੇ 'ਚ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ। ਉਹ ਪੰਜਾਬ ਰਾਜ ਦੇ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਦਾ ਮੂਲ ਵਾਸੀ ਹੈ। ਉਸ ਨੂੰ ਪੰਜਾਬ ਦੀ ਜੇਲ੍ਹ 'ਚ ਕੈਦ ਕੀਤਾ ਜਾਣਾ ਚਾਹੀਦਾ।

ਹਵਾਰਾ ਨੂੰ 21 ਸਤੰਬਰ 1995 ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਤੋਂ ਬਾਅਦ ਮੁਕੱਦਮਾ ਚਲਾਇਆ ਗਿਆ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਲਈ ਦੋਸ਼ੀ ਠਹਿਰਾਇਆ ਗਿਆ। ਉਹ ਆਪਣੀ ਗ੍ਰਿਫ਼ਤਾਰੀ ਦੀ ਤਾਰੀਖ਼ ਤੋਂ ਅੱਜ ਤੱਕ ਜੇਲ੍ਹ 'ਚ ਹੈ। ਉਹ 28 ਸਾਲਾਂ ਤੋਂ ਵੱਧ ਸਮੇਂ ਤੋਂ ਜੇਲ੍ਹ 'ਚ ਬੰਦ ਹੈ। ਟ੍ਰਾਇਲ ਕੋਰਟ ਨੇ 27 ਮਾਰਚ 2007 ਦੇ ਆਦੇਸ਼ ਵਲੋਂ ਹਵਾਰਾ ਨੂੰ ਦੋਸ਼ੀ ਠਹਿਰਾਇਆ ਅਤੇ ਉਸ ਨੂੰ ਮੌਤ ਦੀ ਸਜ਼ਾ ਦਿੱਤੀ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ 12 ਅਕਤੂਬਰ 2010 ਦੇ ਆਦੇਸ਼ ਵਲੋਂ ਸਜ਼ਾ ਨੂੰ ਬਾਕੀ ਜੀਵਨ ਲਈ ਉਮਰ ਕੈਦ ਦੀ ਸਜ਼ਾ 'ਚ ਬਦਲ ਦਿੱਤਾ।

# ਹਰਿਆਣਾ ਵਿੱਚ ਸਰਕਾਰ ਨਹੀਂ ਬਣਾ ਸਕਦੀ ਕਾਂਗਰਸ: ਖੱਟਰ




**ਸ਼ਾਹਬਾਦ ਮਾਰਕੰਡਾ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਮੰਤਰੀ ਅਤੇ ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਕਿ ਕਾਂਗਰਸ ਨੇ ਚੋਣਾਂ ਤੋਂ ਪਹਿਲਾਂ ਹੀ ਮੰਨ ਲਿਆ ਹੈ ਕਿ ਸੂਬੇ ਵਿਚ ਭਾਜਪਾ ਦੀ ਸਰਕਾਰ ਬਣਨ ਜਾ ਰਹੀ ਹੈ। ਚੋਣਾਂ ਤੋਂ ਪਹਿਲਾਂ ਕਾਂਗਰਸ ਨੇਤਾ ਵੱਡੇ ਵੱਡੇ ਦਾਅਵੇ ਕਰਦੇ ਹਨ ਪਰ ਚੋਣ ਨਤੀਜਿਆਂ ਤੋਂ ਬਾਅਦ ਉਸ ਦੇ ਨੇਤਾ ਪ੍ਰੇਸ਼ਾਨ ਹੋ ਜਾਂਦੇ ਹਨ। ਮਨੋਹਰ ਲਾਲ ਖੱਟਰ ਸ਼ਾਹਬਾਦ ਦੇ ਦੇਵੀ ਮੰਦਿਰ 'ਚ ਭਾਜਪਾ ਦੀ ਇਕ ਚੋਣ ਰੈਲੀ ਨੂੰ ਸੰਬੋਧਨ ਕਰ ਰਹੇ ਸਨ।

ਉਨ੍ਹਾਂ ਦਾ ਇਥੇ ਪੁੱਜਣ 'ਤੇ ਹਲਕਾ ਸ਼ਾਹਬਾਦ ਤੋਂ ਭਾਜਪਾ ਉਮੀਦਵਾਰ ਸੁਭਾਸ਼ ਕਲਸਾਣਾ, ਵਿਧਾਨ ਸਭਾ ਕੁਆਰਡੀਨੇਟਰ ਧੁੰਮਣ ਸਿੰਘ ਕਿਰਮਚ, ਭਾਜਪਾ ਕਾਰਜਕਾਰਨੀ ਮੈਂਬਰ ਬੀਬੀ ਕਰਤਾਰ ਕੌਰ ਤੇ ਹੋਰ ਪਾਰਟੀ ਅਹੁਦੇਦਾਰਾਂ ਨੇ ਸਵਾਗਤ ਕੀਤਾ। ਮਨੋਹਰ ਲਾਲ ਖੱਟਰ ਨੇ ਕਿਹਾ ਕਿ ਕਾਂਗਰਸ ਨੇ ਹਾਲੇ ਤਕ ਮੁੱਖ ਮੰਤਰੀ ਦਾ ਚਿਹਰਾ ਵੀ ਨਹੀਂ ਐਲਾਨਿਆ ਕਿਉਂਕਿ ਉਹ ਜਾਣਦੇ ਹਨ ਕਿ ਇੱਕਲੇ ਸਰਕਾਰ ਬਣਾਉਣਾ ਉਨ੍ਹਾਂ ਦੇ ਵੱਸ ਵਿਚ ਨਹੀਂ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ 2014 ਤੇ 2019 ਵਿਚ ਕੇਂਦਰ ਵਿਚ ਭਾਜਪਾ ਸਰਕਾਰ ਸੀ ਤੇ ਸੂਬੇ ਵਿਚ ਵੀ ਲੋਕਾਂ ਨੇ ਭਾਜਪਾ ਸਰਕਾਰ ਬਣਾਉਣ ਦਾ ਕੰਮ ਕੀਤਾ, ਠੀਕ ਉਸੇ ਤਰ੍ਹਾਂ ਇਸ ਵਾਰ ਵੀ ਲੋਕ ਸੂਬੇ 'ਚ ਭਾਜਪਾ ਸਰਕਾਰ ਬਣਾਉਣਗੇ। ਉਨ੍ਹਾਂ ਭਾਜਪਾ ਉਮੀਦਵਾਰ ਨੂੰ ਵੋਟ ਪਾਉਣ ਦੀ ਅਪੀਲ ਕੀਤੀ ਤੇ ਕਿਹਾ ਕਿ ਭਾਜਪਾ ਨੇ ਸ਼ਾਹਬਾਦ ਹਲਕੇ ਵਿਚ ਸੂਝਵਾਨ ਉਮੀਦਵਾਰ ਦਿੱਤਾ ਹੈ।

ਭਾਜਪਾ ਉਮੀਦਵਾਰ ਸੁਭਾਸ਼ ਕਲਸਾਣਾ ਨੇ ਕਿਹਾ ਕਿ ਕਾਂਗਰਸੀਆਂ ਵਲੋਂ ਆਪਣਾ ਘਰ ਭਰਨ ਦੀ ਗੱਲ ਕਹਿਣ ਤੋਂ ਬਾਅਦ ਲੋਕਾਂ ਨੂੰ ਚੌਕਸ ਹੋ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅੱਜ ਸ਼ਾਹਬਾਦ ਦੇ ਜੋ ਹਾਲਾਤ ਹਨ ਉਹ ਇਨ੍ਹਾਂ ਲੋਕਾਂ ਦੇ ਕਰਕੇ ਹੀ ਹਨ। ਇਸ ਮੌਕੇ ਬਲਦੇਵ ਰਾਜ ਸੇਠੀ, ਕਰਣਰਾਜ ਸਿੰਘ ਤੂਰ, ਮੰਡਲ ਪ੍ਰਧਾਨ ਮੁਲਖ ਰਾਜ ਗੁੰਬਰ, ਸਰਬਜੀਤ ਸਿੰਘ ਕਲਸਾਣੀ, ਬੀਬੀ ਕਰਤਾਰ ਕੌਰ, ਤਿਲਕ ਰਾਜ ਅਗਰਵਾਲ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿਚ ਪਾਰਟੀ ਕਾਰਕੁਨ ਤੇ ਪਤਵੰਤੇ ਮੌਜੂਦ ਸਨ।

# ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਪੰਜਾਬ ਸਿਵਲ ਸਕੱਤਰੇਤ ਵਿਖੇ ਪਰਿਵਾਰ ਦੀ ਹਾਜ਼ਰੀ 'ਚ ਕਾਰਜਭਾਰ ਸੰਭਾਲਿਆ



**ਚੰਡੀਗੜ੍ਹ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਖੰਨਾ ਤੋਂ ਵਿਧਾਇਕ ਤਰੁਨਪ੍ਰੀਤ ਸਿੰਘ ਸੌਂਦ ਨੇ ਅੱਜ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ, ਪੂੰਜੀ ਨਿਵੇਸ਼ ਪ੍ਰੋਤਸਾਹਨ, ਕਿਰਤ, ਪ੍ਰਾਹੁਣਚਾਰੀ, ਉਦਯੋਗ ਤੇ ਕਾਮਰਸ ਅਤੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਵੱਜੋਂ ਆਪਣਾ ਅਹੁਦਾ ਸੰਭਾਲ ਲਿਆ ਹੈ। ਉਨ੍ਹਾਂ ਬਹੁਤ ਸਾਦੇ ਢੰਗ ਨਾਲ ਪਰਿਵਾਰ ਦੀ ਹਾਜ਼ਰੀ ਵਿਚ ਅਹੁਦਾ ਸੰਭਾਲਿਆ। ਅਰਦਾਸ ਉਪਰੰਤ ਉਨ੍ਹਾਂ ਦੇ ਪਿਤਾ ਭੁਪਿੰਦਰ ਸਿੰਘ ਸੌਂਦ, ਮਾਤਾ ਸੁਖਵਿੰਦਰ ਕੌਰ ਅਤੇ ਪਤਨੀ ਕਮਲਪ੍ਰੀਤ ਕੌਰ ਨੇ ਉਨ੍ਹਾਂ ਨੂੰ ਕੁਰਸੀ 'ਤੇ ਬੈਠਾਇਆ। ਇਸ ਮੌਕੇ ਉਨ੍ਹਾਂ ਦੇ ਦੋਵੇਂ ਬੱਚੇ ਨਵਰਾਜ ਸਿੰਘ, ਜਸਕੀਰਤ ਕੌਰ ਅਤੇ ਵੱਡੇ ਭਰਾ ਰਮਨਜੀਤ ਸਿੰਘ ਸੌਂਦ ਵੀ ਹਾਜ਼ਰ ਸਨ।

ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਆਮ ਆਦਮੀ ਪਾਰਟੀ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਉਨ੍ਹਾਂ ਨੂੰ ਜਿਹੜੀ ਜ਼ਿੰਮੇਵਾਰੀ ਸੌਂਪੀ ਹੈ, ਉਹ ਪੂਰੀ ਤਨਦੇਹੀ, ਇਮਾਨਦਾਰੀ ਅਤੇ ਜ਼ਿੰਮੇਵਾਰੀ ਨਾਲ ਨਿਭਾਉਣਗੇ। ਉਨ੍ਹਾਂ ਕਿਹਾ ਕਿ ਪੰਜਾਬ ਵਾਸੀਆਂ ਦੀਆਂ ਆਸਾਂ ਉਮੀਦਾਂ 'ਤੇ ਖਰਾ ਉਤਰਨ ਲਈ ਉਹ ਦਿਨ-ਰਾਤ ਇੱਕ ਕਰ ਦੇਣਗੇ। ਸੌਂਦ ਨੇ ਦੱਸਿਆ ਕਿ 'ਰੰਗਲਾ ਪੰਜਾਬ' ਬਣਾਉਣ ਲਈ ਜਿਹੜੀਆਂ ਨੀਤੀਆਂ ਜਾਂ ਯੋਜਨਾਵਾਂ ਪੰਜਾਬ ਸਰਕਾਰ ਵੱਲੋਂ ਚੱਲ ਰਹੀਆਂ ਹਨ, ਉਨ੍ਹਾਂ ਨੂੰ ਪੰਜਾਬ ਦੇ ਹਰੇਕ ਵਾਸੀ ਤੱਕ ਪੁੱਜਦਾ ਕਰਨ ਲਈ ਉਹ ਆਪਣੀਆਂ ਕੋਸ਼ਿਸ਼ਾਂ ਹੋਰ ਤੇਜ਼ ਕਰਨਗੇ।

ਅੱਜ ਵਿਸ਼ਵ ਸੈਰ-ਸਪਾਟਾ ਦਿਵਸ ਮੌਕੇ ਪੰਜਾਬ ਦੇ ਟੂਰਿਜ਼ਮ ਨੂੰ ਨਵੀਆਂ ਬੁਲੰਦੀਆਂ 'ਤੇ ਲੈ ਕੇ ਜਾਣ ਲਈ ਸਰਕਾਰ ਦੇ ਉਪਰਾਲਿਆਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਸੂਬੇ ਦੀਆਂ ਇਤਿਹਾਸਕ, ਸੱਭਿਆਚਾਰਕ ਅਤੇ ਧਾਰਮਿਕ ਮਹੱਤਤਾ ਵਾਲੀਆਂ ਥਾਂਵਾਂ ਨੂੰ ਹੋਰ ਪ੍ਰਫੁੱਲਤ ਕਰਨ ਲਈ ਨਵੇਂ ਉੱਦਮਾਂ ਦੀ ਸ਼ੁਰੂਆਤ ਕਰਨਗੇ। ਇਸ ਸਦਕਾ ਦੁਨੀਆਂ ਭਰ ਦੇ ਸੈਲਾਨੀ ਪੰਜਾਬ ਵਿੱਚ ਆ ਕੇ ਇੱਥੋਂ ਦੇ ਲਜੀਜ਼ ਖਾਣਿਆਂ, ਮਹਿਮਾਨਨਿਵਾਜ਼ੀ ਅਤੇ ਕੁਦਰਤੀ ਸੁੰਦਰਤਾ ਦਾ ਆਨੰਦ ਮਾਣ ਸਕਣਗੇ। ਉਨ੍ਹਾਂ ਕਿਹਾ ਕਿ ਪੂੰਜੀ ਨਿਵੇਸ਼ ਪ੍ਰੋਤਸਾਹਨ, ਕਿਰਤ, ਪ੍ਰਾਹੁਣਚਾਰੀ, ਉਦਯੋਗ ਤੇ ਕਾਮਰਸ ਅਤੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗਾਂ ਦੀ ਜ਼ਿੰਮੇਵਾਰੀ ਨੂੰ ਵੀ ਉਹ ਸਮਰਪਿਤ ਭਾਵਨਾ ਨਾਲ ਨਿਭਾਉਣਗੇ ਤਾਂ ਜੋ ਪੰਜਾਬ ਦੀ ਤਰੱਕੀ ਤੇ ਖੁਸ਼ਹਾਲੀ ਨੂੰ ਯਕੀਨੀ ਬਣਾਇਆ ਜਾ ਸਕੇ।

# ਸੱਤਾ 'ਚ ਆਉਣ 'ਤੇ ਕਾਂਗਰਸ ਸਾਰੀਆਂ ਗਾਰੰਟੀਆਂ ਪੂਰੀਆਂ ਕਰੇਗੀ: ਕੁਮਾਰੀ ਸ਼ੈਲਜਾ



**ਸਿਰਸਾ/ਕਾਲਾਂਵਾਲੀ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਲਾਂਵਾਲੀ ਵਿਧਾਨ ਸਭਾ ਹਲਕੇ ਤੋਂ ਕਾਂਗਰਸੀ ਉਮੀਦਵਾਰ ਸ਼ੀਸ਼ਪਾਲ ਕੇਹਰਵਾਲਾ ਦੇ ਹੱਕ 'ਚ ਇਕ ਭਰਵੀਂ ਰੈਲੀ ਨੂੰ ਸੰਬੋਧਨ ਕਰਦਿਆਂ ਸਿਰਸਾ ਹਲਕੇ ਦੀ ਐਮਪੀ ਕੁਮਾਰੀ ਸ਼ੈਲਜਾ ਨੇ ਕਿਹਾ ਹੈ ਕਿ ਹਰਿਆਣਾ ਵਿੱਚ ਕਾਂਗਰਸ ਦੀ ਸਰਕਾਰ ਬਣਨ ਮਗਰੋਂ ਕਾਂਗਰਸ ਸਾਰੀਆਂ ਗਰੰਟੀਆਂ ਨੂੰ ਪੂਰਾ ਕਰੇਗੀ, ਜਿਹੜੀਆਂ ਚੋਣ ਮਨੋਰਥ ਪੱਤਰ 'ਚ ਜਾਰੀ ਕੀਤੀਆਂ ਗਈਆਂ ਹਨ। ਕਾਲਾਂਵਾਲੀ ਹਲਕੇ 'ਚ ਪੁੱਜਣ 'ਤੇ ਕੁਮਾਰੀ ਸ਼ੈਲਜਾ ਦਾ ਲੋਕਾਂ ਨੇ ਨਿੱਘਾ ਸੁਆਗਤ ਕੀਤਾ। ਭਰਵੀਂ ਰੈਲੀ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਲੋਕਾਂ ਨੂੰ ਕਾਂਗਰਸੀ ਉਮੀਦਵਾਰ ਸ਼ੀਸ਼ਪਾਲ ਕੇਹਰਵਾਲਾ ਨੂੰ ਵੱਡੇ ਫਰਕ ਨਾਲ ਜਿੱਤਾਉਣ ਦੀ ਅਪੀਲ ਕੀਤੀ।

ਦੱਸਣਯੋਗ ਹੈ ਕਿ ਕੁਮਾਰੀ ਸ਼ੈਲਜਾ ਪਿਛਲੇ ਦਿਨਾਂ ਤੋਂ ਪਾਰਟੀ ਕੋਲੋਂ ਕੁਝ ਨਾਰਾਜ਼ ਚੱਲ ਰਹੇ ਸਨ, ਪਰ ਉਨ੍ਹਾਂ ਬੀਤੇ ਦਿਨ ਅਸੰਧ ਵਿਚ ਪਾਰਟੀ ਆਗੂ ਰਾਹੁਲ ਗਾਂਧੀ ਦੀ ਚੋਣ ਰੈਲੀ ਦੌਰਾਨ ਹਾਜ਼ਰੀ ਭਰੀ ਸੀ ਤੇ ਪਾਰਟੀ ਦੇ ਚੋਣ ਪ੍ਰਚਾਰ ਵਿਚ ਜੁੱਟਣ ਦੀ ਗੱਲ ਵੀ ਆਖੀ ਸੀ।

# ਡੀ.ਏ.ਪੀ ਦੇ ਵਿਕਲਪ ਦੇ ਤੌਰ 'ਤੇ ਖੇਤੀਬਾੜੀ ਵਿਚ ਹੋਰ ਖਾਦਾਂ ਦੀ ਕੀਤੀ ਜਾਵੇ ਵਰਤੋਂ : ਡਿਪਟੀ ਕਮਿਸ਼ਨਰ

**ਹੁਸ਼ਿਆਰਪੁਰ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਅੱਜ ਕਿਸਾਨਾਂ ਨੂੰ ਖੇਤੀਬਾੜੀ ਵਿਚ ਖਾਦਾਂ ਦੀ ਸਹੀ ਚੋਣ ਅਤੇ ਡੀ.ਏ.ਪੀ (ਡਾਈ-ਅਮੋਨਿਅਮ ਫਾਸਫੇਟ) ਦੇ ਵਿਕਲਪ ਦੇ ਰੂਪ ਵਿਚ ਹੋਰ ਖਾਦਾਂ ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸਹੀ ਖਾਦਾਂ ਦੀ ਚੋਣ ਨਾ ਕੇਵਲ ਫ਼ਸ਼ਲਾਂ ਦੀ ਮਿਆਰੀ ਪੈਦਾਵਾਰ ਬਰਕਰਾਰ ਰਹਿੰਦੀ ਹੈ, ਬਲਕਿ ਮਿੱਟੀ ਦੀ ਸਿਹਤ ਨੂੰ ਵੀ ਬਣਾਏ ਰੱਖਦੀ ਹੈ। ਉਨ੍ਹਾਂ ਦੱਸਿਆ ਕਿ ਡੀ.ਏ.ਪੀ ਦੇ ਵਿਕਲਪ ਦੇ ਰੂਪ ਵਿਚ ਐਨ.ਪੀ 12:32:16, ਸਿੰਗਲ ਸੁਪਰ ਫਾਸਫੇਟ, ਐਨ.ਪੀ.ਕੇ. 16:16:16 ਅਤੇ ਐਨ.ਪੀ.ਕੇ 20:20:0:13 ਵਰਗੀ ਖਾਦ ਫ਼ਸ਼ਲਾਂ ਲਈ ਬਹੁਤ ਉਪਯੋਗੀ ਹੈ ਅਤੇ ਮਿੱਟੀ ਵਿਚ ਜ਼ਰੂਰੀ ਪੌਸ਼ਟਿਕ ਤੱਤ ਦੀ ਪੂਰਤੀ ਕਰਦੇ ਹਨ।

ਡਿਪਟੀ ਕਮਿਸ਼ਨਰ ਨੇ ਵੱਖ-ਵੱਖ ਖਾਦਾਂ ਦੇ ਮਹੱਤਵ ਨੂੰ ਦੱਸਦੇ ਹੋਏ ਕਿਹਾ ਕਿ ਐਨ.ਪੀ.ਕੇ 12:32:16 ਇਸ ਵਿਚ ਨਾਈਟਰੋਜਨ, ਫਾਸਫੋਰਸ ਅਤੇ ਪੋਟਾਸ਼ ਦਾ ਸੰਤੁਲਨ ਮਿਸ਼ਰਨ ਹੁੰਦਾ ਹੈ, ਜੋ ਕਿ ਫਸਲਾਂ ਦੇ ਸ਼ੁਰੂਆਤੀ ਵਿਕਾਸ ਅਤੇ ਫੁੱਲ ਆਉਣ ਸਮੇਂ ਲਈ ਆਦਰਸ਼ ਹੈ। ਇਹ ਡੀ.ਏ.ਪੀ ਦਾ ਚੰਗਾ ਵਿਕਲਪ ਹੈ ਅਤੇ ਮਿੱਟੀ ਦੀ ਗੁਣਵੱਤਾ ਨੂੰ ਬਣਾਏ ਰੱਖਣ ਵਿਚ ਸਹਾਇਕ ਹੈ।

ਸਿੰਗਲ ਸੁਪਰ ਫਾਸਫੇਟ ਵਿਚ 16 ਫੀਸਦੀ ਫਾਸਫੋਰਸ ਹੁੰਦਾ ਹੈ, ਜੋ ਕਿ ਹੋਲੀ-ਹੋਲੀ ਪੌਦਿਆਂ ਨੂੰ ਉਪਲਬੱਧ ਹੁੰਦਾ ਹੈ। ਇਸ ਵਿਚ ਸਲਫਰ ਦੀ ਵੀ ਚੰਗੀ ਮਾਤਰਾ ਹੁੰਦੀ ਹੈ, ਜੋ ਪੌਦਿਆਂ ਦੇ ਪੌਸ਼ਣ ਸਮਰੱਥਾ ਵਿਚ ਸੁਧਾਰ ਕਰਦਾ ਹੈ। ਇਸ ਤਰ੍ਹਾਂ ਐਨ.ਪੀ.ਕੇ. 16:16:16 ਵਿਚ ਨਾਈਟਰੋਜਨ, ਫਾਸਫੋਰਸ ਅਤੇ ਪੋਟਾਸ਼ ਦਾ ਸਮਾਨ ਅਨੁਪਾਤ (16 ਫੀਸਦੀ ਹਰੇਕ) ਹੁੰਦਾ ਹੈ, ਜੋ ਪੌਦਿਆਂ ਦੇ ਸੰਪੂਰਨ ਵਿਕਾਸ ਲਈ ਉਪਯੋਗੀ ਹੈ। ਇਹ ਖਾਦ ਪੌਦਿਆਂ ਦੀਆਂ ਜੜ੍ਹਾਂ, ਤਨੇ ਅਤੇ ਫਲਾਂ ਦੇ ਵਿਕਾਸ ਵਿਚ ਸਹਾਇਤਾ ਕਰਦਾ ਹੈ ਅਤੇ ਡੀ.ਏ.ਪੀ ਦਾ ਬਿਹਤਰ ਵਿਕਲਪ ਹੈ।

ਉਨ੍ਹਾਂ ਦੱਸਿਆ ਕਿ ਐਨ ਪੀ.ਕੇ 20:20:0:13 ਵਿਚ 20 ਫੀਸਦੀ ਨਾਈਟਰੋਜ਼ਨ, 20 ਫੀਸਦੀ ਫਾਸਫੋਰਸ ਅਤੇ 13 ਫੀਸਦੀ ਸਲਫਰ ਹੁੰਦਾ ਹੈ। ਇਹ ਉਨ੍ਹਾਂ ਖੇਤਾਂ ਲਈ ਬਿਹਤਰੀਨ ਹੈ, ਜਿਥੇ ਨਾਈਟਰੋਜ਼ਨ ਅਤੇ ਫਾਸਫੋਰਸ ਦੀ ਵੱਧ ਜ਼ਰੂਰਤ ਹੁੰਦੀ ਹੈ। ਸਲਫਰ ਪੌਦਿਆਂ ਦੀ ਕੁੱਲ ਪੋਸ਼ਣ ਪ੍ਰਕਿਰਿਆ ਨੂੰ ਤੇਜ਼ ਕਰਦਾ ਹੈ।

ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਡੀ.ਏ.ਪੀ ਦੇ ਨਾਲ-ਨਾਲ ਇਨ੍ਹਾਂ ਖਾਦਾਂ ਦਾ ਵੀ ਉਪਯੋਗ ਕਰਨ। ਇਸ ਨਾਲ ਨਾ ਕੇਵਲ ਖੇਤੀ ਦੀ ਲਾਗਤ ਘੱਟੇਗੀ ਬਲਕਿ ਮਿੱਟੀ ਵਿਚ ਪੌਸ਼ਣ ਤੱਤਾਂ ਦੇ ਸੰਤੁਲਨ ਸਪਲਾਈ ਵੀ ਯਕੀਨੀ ਬਣਾਏਗੀ। ਇਹ ਸਾਰੀਆਂ ਖਾਦਾਂ ਫ਼ਸਲਾਂ ਦੀ ਚੰਗੀ ਪੈਦਾਵਾਰ ਅਤੇ ਮਿੱਟੀ ਦੀ ਸਿਹਤ ਲਈ ਲਾਭਕਾਰੀ ਹੈ।

ਕੋਮਲ ਮਿੱਤਲ ਨੇ ਦੱਸਿਆ ਕਿ ਜ਼ਿਲ੍ਹੇ ਵਿਚ ਸ਼ਾਮ 7 ਵਜੇ ਤੋਂ ਸਵੇਰੇ 10 ਵਜੇ ਤੱਕ ਕੰਬਾਇਨ ਮਸ਼ੀਨਾਂ ਨਾਲ ਝੋਨੇ ਦੀ ਕਟਾਈ 'ਤੇ ਪੂਰਨ ਪਾਬੰਦੀ ਲਗਾਈ ਗਈ ਹੈ। ਵਾਤਾਵਰਣ ਦੀ ਸੰਭਾਲ ਨੂੰ ਧਿਆਨ ਵਿਚ ਰੱਖਦੇ ਹੋਏ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਸਾਰੀਆਂ ਕੰਬਾਇਨ ਮਸ਼ੀਨਾਂ ਵਿਚ ਸੁਪਰ ਸਟਰਾਅ ਮੈਨੇਜਮੈਂਟ ਸਿਸਟਮ ਜ਼ਰੂਰੀ ਕਰ ਦਿੱਤਾ ਹੈ। ਕਿਸਾਨਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਮੰਡੀ ਵਿਚ ਗਿੱਲਾ ਝੋਨਾ ਲੈ ਕੇ ਨਾ ਆਉਣ, ਤਾਂ ਜੋ ਕਿਸੇ ਤਰ੍ਹਾਂ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ।

## ਅਧਿਆਪਕ ਕਰਦਾ ਸੀ ਵਿਦਿਆਰਥਣਾਂ ਨਾਲ ਅਸ਼ਲੀਲ ਹਰਕਤਾਂ, ਮਾਪਿਆਂ ਨੇ ਥਾਣੇ 'ਚ ਦਰਜ ਕਰਵਾਈ ਸ਼ਿਕਾਇਤ

ਕੌਸ਼ਾਂਬੀ 28 ਸਤੰਬਰ। ਉੱਤਰ ਪ੍ਰਦੇਸ ਦੇ ਕੌਸਾਂਬੀ ਦੇ ਇਕ ਅਧਿਆਪਕ ਦੀ ਘਿਨਾਉਣੀ ਹਰਕਤ ਸਾਹਮਣੇ ਆਈ ਹੈ। ਅਧਿਆਪਕ 'ਤੇ 5ਵੀਂ, 8ਵੀਂ ਅਤੇ 6ਵੀਂ ਜਮਾਤ ਦੀਆਂ ਵਿਦਿਆਰਥਣਾਂ ਨਾਲ ਅਸਲੀਲ ਹਰਕਤਾਂ ਕਰਨ ਦਾ ਦੋਸ ਲੱਗਾ ਹੈ। ਵਿਦਿਆਰਥਣਾਂ ਦਾ ਦੋਸ ਹੈ ਕਿ ਅਧਿਆਪਕ ਸੰਸਕ੍ਰਿਤ ਪੜ੍ਹਾਉਂਦੇ ਸਮੇਂ ਬੁਰੀ ਤਰ੍ਹਾਂ ਛੂਹੰਦੇ ਹਨ। ਵਿਦਿਆਰਥਣਾਂ ਨੇ ਜਦੋਂ ਆਪਣੇ ਪਰਿਵਾਰਕ ਮੈਂਬਰਾਂ ਨੂੰ ਆਪਣੀ ਮੁਸ਼ਕਲ ਦੱਸੀ ਤਾਂ ਉਹ ਹੈਰਾਨ ਰਹਿ ਗਏ। ਸਕੂਲ ਪਹੁੰਚਣ 'ਤੇ ਪਰਿਵਾਰਕ ਮੈਂਬਰਾਂ ਨੇ ਹੰਗਾਮਾ ਕੀਤਾ ਅਤੇ ਸਥਾਨਕ ਪੁਲਸ ਸਟੇਸਨ 'ਚ ਸ਼ਿਕਾਇਤ ਦਰਜ ਕਰਵਾਈ। ਦੋਸੀ ਅਧਿਆਪਕ ਦਾ ਕਹਿਣਾ ਹੈ ਕਿ ਉਸ ਨੂੰ ਸਾਜ਼ਿਸ ਤਹਿਤ ਫਸਾਇਆ ਗਿਆ ਹੈ।




ਉਸ 'ਤੇ ਲੱਗੇ ਸਾਰੇ ਦੋਸ ਗਲਤ ਹਨ। ਇਹ ਮਾਮਲਾ ਸੈਣੀ ਕੋਤਵਾਲੀ ਦੇ ਕਮਾਸੀਨ ਪ੍ਰਾਇਮਰੀ ਸਕੂਲ ਦਾ ਹੈ। ਮੁਲਜਮ 2008 ਤੋਂ ਇੱਥੇ ਸਿੱਖਿਆ ਮਿੱਤਰ ਵਜੋਂ ਤਾਇਨਾਤ ਹੈ। ਸਕੂਲ 'ਚ ਪੜ੍ਹਦੀਆਂ 5ਵੀਂ ਜਮਾਤ ਦੀਆਂ 8 ਵਿਦਿਆਰਥਣਾਂ ਅਤੇ 6ਵੀਂ ਜਮਾਤ ਦੀ ਇਕ ਵਿਦਿਆਰਥਣ ਨੇ ਸਕੂਲ ਦੇ ਅਧਿਆਪਕ 'ਤੇ ਸੰਸਕ੍ਰਿਤ ਪੜ੍ਹਾਉਂਦੇ ਸਮੇਂ ਬੁਰੀ ਨੀਅਤ ਨਾਲ ਛੂਹਣ ਦਾ ਦੋਸ ਲਗਾਇਆ ਹੈ। ਪੀੜਤ ਵਿਦਿਆਰਥਣਾਂ ਦਾ ਕਹਿਣਾ ਹੈ ਕਿ ਸਰ ਪੜ੍ਹਾਉਂਦੇ ਸਮੇਂ ਉਨ੍ਹਾਂ ਦੀ ਛਾਤੀ 'ਤੇ ਹੱਥ ਰੱਖਦੇ ਹਨ। ਇਕ ਪੀੜਤ ਵਿਦਿਆਰਥਣ ਦੀ ਮਾਂ ਨੇ ਦੱਸਿਆ ਕਿ ਉਸ ਨੇ 8 ਲੜਕੀਆਂ ਨਾਲ ਗਲਤ ਹਰਕਤਾਂ ਕੀਤੀਆਂ ਅਤੇ ਇਨ੍ਹਾਂ 'ਚੋਂ ਦੋ ਮੇਰੀਆਂ ਬੇਟੀਆਂ ਹਨ। ਜਦੋਂ ਬੱਚੀਆਂ ਨੇ ਦੱਸਿਆ ਤਾਂ ਅਸੀਂ ਇੱਥੇ ਆ ਗਏ। ਅਧਿਆਪਕ ਪਿਛਲੇ ਕਈ ਮਹੀਨਿਆਂ ਤੋਂ ਉਨ੍ਹਾਂ ਨਾਲ ਅਜਿਹਾ ਕਰਦਾ ਆ ਰਿਹਾ ਹੈ। ਇਸ ਦੌਰਾਨ ਇਸ ਮਾਮਲੇ ਸਬੰਧੀ ਬਲਾਕ ਸਿੱਖਿਆ ਅਧਿਕਾਰੀ ਨੇ ਦੱਸਿਆ ਕਿ ਇਸ ਦੀ ਸੂਚਨਾ ਮੁੱਖ ਅਧਿਆਪਕਾ ਵੱਲੋਂ ਮੰਗਲਵਾਰ ਦੁਪਹਿਰ ਨੂੰ ਦਿੱਤੀ ਗਈ ਸੀ। ਅਧਿਆਪਕ ਨੇ ਵਿਦਿਆਰਥਣਾਂ ਨਾਲ ਛੇੜਛਾੜ ਕੀਤੀ ਹੈ। ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ, ਜਿਸ ਮੁਤਾਬਕ ਅਗਲੀ ਕਾਰਵਾਈ ਕੀਤੀ ਜਾਵੇਗੀ। ਪੁਲਸ ਨੇ ਸ਼ਿਕਾਇਤ ਦੇ ਆਧਾਰ 'ਤੇ ਅਧਿਆਪਕ ਖ਼ਿਲਾਫ ਕੇਸ ਦਰਜ ਕਰ ਲਿਆ ਹੈ।

## ਜ਼ਿਲ੍ਹਾ ਮੈਜਿਸਟਰੇਟ ਵੱਲੋਂ ਰਾਤ ਸਮੇਂ ਝੋਨੇ ਦੀ ਕਟਾਈ 'ਤੇ ਪਾਬੰਦੀ

ਫਾਜ਼ਿਲਕਾ 28 ਸਤੰਬਰ। ਜ਼ਿਲ੍ਹਾ ਮੈਜਿਸਟਰੇਟ ਅਮਰਪ੍ਰੀਤ ਕੌਰ ਸੰਧੂ ਨੇ ਜ਼ਿਲ੍ਹਾ ਫਾਜ਼ਿਲਕਾ ਦੀ ਹਦੂਦ ਅੰਦਰ ਹਰੇ ਝੋਨੇ ਦੀ ਕਟਾਈ 'ਤੇ ਸ਼ਾਮ 7 ਵਜੇ ਤੋਂ ਸਵੇਰੇ 9 ਵਜੇ ਤੱਕ ਕੰਬਾਇਨ ਨਾਲ ਝੋਨੇ ਦੀ ਕਟਾਈ 'ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਇਸ ਤੋਂ ਇਲਾਵਾ ਝੋਨੇ ਦੀ ਕਟਾਈ ਕਰਨ ਵਾਲੀਆਂ ਕੰਬਾਇਨਾਂ ਦੇ ਮਾਲਕਾਂ ਨੂੰ ਇਹ ਵੀ ਹਦਾਇਤ ਕੀਤੀ ਗਈ ਹੈ ਕਿ ਕੋਈ ਵੀ ਕੰਬਾਇਨ ਹਾਰਵੈਸਟਰ ਸੁਪਰ ਐਸ.ਐਮ.ਐਸ. ਲਗਾਏ ਬਿਨ੍ਹਾਂ ਫਸਲ ਦੀ ਕਟਾਈ ਨਹੀਂ ਕਰੇਗਾ। ਇਸ ਲਈ ਖੇਤੀਬਾੜੀ ਵਿਭਾਗ ਨੂੰ ਇੰਸਪੈਕਸ਼ਨ ਕਰਨ ਅਤੇ ਹੁਕਮਾਂ ਨੂੰ ਲਾਗੂ ਕਰਵਾਉਣ ਲਈ



ਪਾਬੰਦ ਕੀਤਾ ਗਿਆ ਹੈ। ਹੁਕਮਾਂ ਦੀ ਉਲੰਘਣਾਂ ਕਰਨ 'ਤੇ ਸਖ਼ਤ ਕਾਨੂੰਨੀ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ। ਇਹ ਹੁਕਮ 30 ਨਵੰਬਰ ਤੱਕ ਲਾਗੂ ਰਹਿਣਗੇ।ਕੰਬਾਈਨ ਮਾਲਕਾਂ ਵੱਲੋਂ ਝੋਨੇ ਨੂੰ ਪੂਰੀ ਤਰ੍ਹਾਂ ਪੱਕਣ ਤੋਂ ਪਹਿਲਾਂ ਹੀ ਨਮੀ ਵਾਲਾ ਝੋਨਾ ਕੱਟ ਦਿੱਤਾ ਜਾਂਦਾ ਹੈ ਤੇ ਕਈ ਵਾਰ ਕਿਸਾਨਾਂ ਵੱਲੋਂ ਝੋਨੇ ਦੀ ਕਟਾਈ ਰਾਤ ਨੂੰ ਕੰਬਾਇਨਾਂ ਨਾਲ ਕੀਤੀ ਜਾਂਦੀ ਹੈ ਕਿ ਜਿਸ ਨਾਲ ਅਣਸੁਖਾਵੀ ਘਟਨਾ ਵਾਪਰਨ ਦਾ ਖਤਰਾ ਰਹਿੰਦਾ ਹੈ। ਕਿਸਾਨਾਂ ਵੱਲੋ ਨਮੀ ਵਾਲਾ ਝੋਨਾ ਮੰਡੀਆਂ 'ਚ ਲਿਆਉਣ ਕਰਕੇ ਖਰੀਦ ਏਜੰਸੀਆਂ ਵੱਲੋਂ ਬੋਲੀ ਨਹੀਂ ਕੀਤੀ ਜਾਂਦੀ ਹੈ, ਜਿਸ ਕਰਕੇ ਮੰਡੀਆਂ 'ਚ ਤਣਾਅ ਪੂਰਨ ਸਥਿਤੀ ਪੈਦਾ ਹੋ ਜਾਂਦੀ ਹੈ ਤੇ ਝੋਨਾ ਸਮੇਂ ਸਿਰ ਨਾ ਵਿਕਣ ਕਾਰਨ ਕਿਸਾਨਾਂ 'ਚ ਰੋਸ ਪੈਦਾ ਹੁੰਦਾ ਹੈ। ਅਮਨ ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਹਰਾ ਝੋਨਾ ਕੱਟਣ ਅਤੇ ਰਾਤ ਨੂੰ ਝੋਨੇ ਦੀ ਕਟਾਈ 'ਤੇ ਪਾਬੰਦੀ ਲਗਾਈ ਜਾਂਦੀ ਹੈ।

### ਵਿਆਹ ਦੇ 25 ਦਿਨਾਂ ਬਾਅਦ ਹੀ ਉੱਜੜ ਗਈ ਦੁਨੀਆ

ਮੋਗਾ 28 ਸਤੰਬਰ। ਮੋਗਾ ਤੋਂ ਇਕ ਬੇਹੱਦ ਮੰਦਭਾਗੀ ਖਬਰ ਸਾਹਮਣੇ ਆ ਰਹੀ ਹੈ, ਜਿੱਥੋਂ ਦੇ ਬੁੱਕਣਵਾਲ ਰੋਡ ਮੋਗਾ ਨਿਵਾਸੀ ਦਵਿੰਦਰ ਸਿੰਘ (22) ਵੱਲੋਂ ਨਗਰ ਨਿਗਮ ਮੋਗਾ ਦੇ ਕੌਂਸਲਰ ਅਤੇ ਉਸ ਦੇ ਸਾਥੀ ਤੋਂ ਤੰਗ ਆ ਕੇ ਜ਼ਹਿਰੀਲੀ ਦਵਾਈ ਨਿਗਲ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ ਹੈ। ਇਸ ਸਬੰਧੀ ਮ੍ਰਿਤਕ ਦੇ ਪਿਤਾ ਬਸੰਤ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਨਗਰ ਨਿਗਮ ਮੋਗਾ ਦੇ ਕੌਂਸਲਰ ਬੂਟਾ ਸਿੰਘ ਅਤੇ ਜੱਸਾ ਸਮੇਤ 2 ਵਿਰੁੱਧ ਖੁਦਕੁਸ਼ੀ ਦੇ ਲਈ ਮਜ਼ਬੂਰ ਕਰਨ ਤਹਿਤ ਥਾਣਾ ਸਿਟੀ ਸਾਊਥ ਵਿਚ ਮਾਮਲਾ ਦਰਜ ਕਰ ਕੇ ਉਨ੍ਹਾਂ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਰਾਜਵੀਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਦਾ ਵਿਆਹ ਕੁਝ ਦਿਨ ਪਹਿਲਾਂ ਹੀ ਹੋਇਆ ਸੀ ਅਤੇ ਉਸ ਨੇ ਅਪਣੇ ਸਹੁਰਿਆਂ ਤੋਂ ਆ ਕੇ ਕੋਈ ਜ਼ਹਿਰੀਲੀ ਦਵਾਈ ਨਿਗਲ ਲਈ। ਜਦ ਉਸ ਦੀ ਹਾਲਤ ਵਿਗੜਣ ਲੱਗੀ ਤਾਂ ਉਸ ਨੂੰ ਸਿਵਲ ਹਸਪਤਾਲ ਮੋਗਾ ਲਿਆਂਦਾ ਗਿਆ।

# 29 ਸਾਲ ਬਾਅਦ ਜਿੱਤੀ ਪੁਲਸ ਤਸ਼ੱਦਦ ਦੀ ਲੜਾਈ, ਡੀ. ਐੱਸ. ਪੀ. ਸਮੇਤ 3 ਪੁਲਸ ਮੁਲਾਜਮਾਂ ਨੂੰ ਸਜਾ ਦਾ ਐਲਾਨ

**ਸਰਦੂਲ ਸਿੰਘ**

ਲੌਂਗੋਵਾਲ 28 ਸਤੰਬਰ। 'ਰੱਬ ਦੇ ਘਰ ਦੇਰ ਹੈ ਹਨ੍ਹੇਰ ਨਹੀਂ' ਇਸ ਕਹਾਵਤ ਅਨੁਸਾਰ ਇਥੋਂ ਦੇ ਇਕ ਬਜੁਰਗ ਸਮਾਜ ਸੇਵੀ ਜੋੜੇ ਨੂੰ ਅਦਾਲਤ ਵੱਲੋਂ 29 ਸਾਲਾ ਬਾਅਦ ਇਨਸਾਫ ਮਿਲਿਆ ਹੈ। ਜਿਸ ਤਹਿਤ ਪੁਲਸ ਤਸੱਦਦ ਦੇ ਮਾਮਲੇ ਨੂੰ ਲੈ ਕੇ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਇਕ ਡੀ. ਐੱਸ. ਪੀ. ਸਮੇਤ ਤਿੰਨ ਪੁਲਸ ਮੁਲਾਜਮਾਂ ਨੂੰ ਉਮਰ ਕੈਦ ਦੀ ਸਜਾ ਸੁਣਾਈ ਹੈ। ਮਾਮਲਾ ਸਥਾਨਕ ਨਗਰ ਕੌਂਸਲ ਪ੍ਰਧਾਨ ਪਰਮਿੰਦਰ ਕੌਰ ਬਰਾੜ ਦੇ ਪਰਿਵਾਰ ਨਾਲ ਜੁੜਿਆ ਹੋਇਆ ਹੈ। ਪ੍ਰਧਾਨ ਪਰਮਿੰਦਰ ਕੌਰ ਬਰਾੜ ਦੇ ਸਹੁਰਾ ਸਾਹਿਬ ਕਰਮ ਸਿੰਘ ਬਰਾੜ ਨੇ ਦੱਸਿਆ ਕਿ ਮੇਰੇ ਸਾਲੇ ਗਮਦੂਰ ਸਿੰਘ ਪਿੰਡ ਭਾਈ ਕੀ ਪਸੌਰ ਨੂੰ ਇਕ ਕਤਲ ਕੇਸ ਦੇ ਸੱਕ 'ਚ 14 ਨਵੰਬਰ 1995 ਨੂੰ ਰੇਲਵੇ ਪੁਲਸ ਸੰਗਰੂਰ ਦੇ ਤਤਕਾਲੀਨ ਐੱਸ.ਐੱਚ.ਓ. ਦੇ ਆਧਾਰਿਤ ਇਕ ਪੁਲਸ ਟੁਕੜੀ ਵੱਲੋਂ ਚੁੱਕ ਲਿਆ ਗਿਆ ਸੀ ਅਤੇ ਰੇਲਵੇ ਥਾਣੇ 'ਚ ਲਿਜਾ ਕੇ ਉਸ 'ਤੇ ਅੰਨਾ ਤਸੱਦਦ ਕੀਤਾ ਗਿਆ। ਉਨ੍ਹਾਂ ਦੋਸ ਲਾਇਆ ਕਿ ਗਮਦੂਰ ਸਿੰਘ ਨੂੰ ਉੱਥੇ 10 ਦਿਨ ਪੁਲਸ ਵੱਲੋਂ ਲਗਾਤਾਰ ਅਣਮਨੁੱਖੀ ਤਸੀਹੇ ਦਿੱਤੇ ਗਏ ਅਤੇ ਇਨ੍ਹਾਂ 10 ਦਿਨਾਂ ਦੌਰਾਨ ਪੁਲਸ ਵੱਲੋ ਉਨ੍ਹਾਂ ਨੂੰ ਸਿਰਫ ਇਕ ਦਿਨ ਮਿਲਣ ਦਾ ਮੌਕਾ ਦਿੱਤਾ ਗਿਆ। ਪੁਲਸ ਦੀ ਅੰਨੀ ਕੁੱਟ ਨੇ ਉਸਦੀ ਹਾਲਤ ਬੇਹੱਦ ਵਿਗਾੜ ਦਿੱਤੀ ਤਾਂ ਪੁਲਸ ਨੇ ਮੈਨੂੰ ਅਤੇ ਮੇਰੀ ਪਤਨੀ ਕੁਲਦੀਪ ਕੌਰ ਨੂੰ ਬੁਲਾ ਕੇ ਸਾਡੇ ਤੋਂ ਕੋਰੇ ਕਾਗਜਾਂ ਉਪਰ ਅੰਗੂਠੇ ਅਤੇ ਦਸਤਖਤ ਕਰਵਾ ਕੇ ਗਮਦੂਰ ਸਿੰਘ ਨੂੰ ਨਾਜੁਕ ਹਾਲਤ 'ਚ ਸਾਡੇ ਹਵਾਲੇ ਕਰ ਦਿੱਤਾ। ਬਰਾੜ ਨੇ ਦੱਸਿਆ ਕਿ ਅਸੀਂ ਗਮਦੂਰ ਸਿੰਘ ਨੂੰ ਉਸੇ ਰਾਤ ਪੀ. ਜੀ. ਆਈ. ਚੰਡੀਗੜ੍ਹ ਦਾਖਲ ਕਰਵਾ ਦਿੱਤਾ। ਉਸ ਸਮੇਂ ਗਮਦੂਰ ਸਿੰਘ ਦੇ ਜਿਸਮ 'ਤੇ 18 ਜਖਮ ਸਨ ਅਤੇ ਚਾਰ ਪਸਲੀਆਂ ਟੁੱਟੀਆਂ ਹੋਈਆਂ ਸਨ। ਪੀ.ਜੀ.ਆਈ. 'ਚ ਕਰੀਬ 15 ਦਿਨ ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜਦਾ ਹੋਇਆ ਗਮਦੂਰ ਸਿੰਘ 7 ਦਸੰਬਰ 1995 ਨੂੰ ਦਮ ਤੋੜ ਗਿਆ। ਕਰਮ ਸਿੰਘ ਬਰਾੜ ਨੇ ਦੱਸਿਆ ਕਿ ਮ੍ਰਿਤਕ



ਗਮਦੂਰ ਸਿੰਘ ਦੇ ਦੋ ਮੁੰਡੇ ਜਗਤਾਰ ਸਿੰਘ ਅਤੇ ਮੱਖਣ ਸਿੰਘ ਹਨ, ਜਿਨ੍ਹਾਂ ਦੀ ਉਮਰ ਉਸ ਸਮੇਂ 10 ਅਤੇ 12 ਸਾਲ ਸੀ ਜਿਸ ਕਾਰਨ ਮੈਂ ਅਤੇ ਮੇਰੀ ਪਤਨੀ ਕੁਲਦੀਪ ਕੌਰ ਨੇ ਕਾਨੂੰਨ ਰਾਹੀਂ ਗਮਦੂਰ ਸਿੰਘ ਦੀ ਮੌਤ ਦਾ ਬਦਲਾ ਲੈਣ ਦੀ ਠਾਣ ਲਈ। ਪਹਿਲਾਂ ਜ਼ਿਲ੍ਹਾ ਸੈਸਨ ਕੋਰਟ ਅਤੇ ਬਾਅਦ 'ਚ ਪੰਜਾਬ ਐਂਡ ਹਰਿਆਣਾ ਹਾਈਕੋਰਟ 'ਚ ਇਨਸਾਫ ਦੀ ਗੁਹਾਰ ਲਗਾਈ, ਜਿਸ ਦਾ ਨਤੀਜਾ ਅੱਜ ਸਾਨੂੰ 29 ਸਾਲ ਬਾਅਦ ਇਨਸਾਫ ਦੇ ਰੂਪ 'ਚ ਮਿਲਿਆ ਹੈ। ਮਾਣਯੋਗ ਹਾਈਕੋਰਟ ਦੇ ਇਸ ਫੈਸਲੇ ਨੇ ਭਾਵੇਂ ਮ੍ਰਿਤਕ ਗਮਦੂਰ ਸਿੰਘ ਦੀ ਭੈਣ ਕੁਲਦੀਪ ਕੌਰ, ਜੀਜਾ ਕਰਮ ਸਿੰਘ ਬਰਾੜ ਅਤੇ ਬਲਵਿੰਦਰ ਸਿੰਘ ਬਰਾੜ ਲੌਂਗੋਵਾਲ, ਪੁੱਤਰ ਜਗਤਾਰ ਸਿੰਘ ਅਤੇ ਮੱਖਣ ਸਿੰਘ ਤੋਂ ਇਲਾਵਾ ਹੋਰਨਾਂ ਸਬੰਧੀਆਂ ਦਾ ਸੀਨਾ ਠਾਰ ਦਿੱਤਾ ਹੈ ਅਤੇ ਪਰਿਵਾਰ ਵੱਲੋਂ ਲੱਡੂ ਵੰਡ ਕੇ ਖੁਸੀ ਵੀ ਮਨਾਈ ਗਈ ਹੈ। ਕੇਸ ਦੀ ਪੈਰਵੀ ਕਰ ਰਹੇ ਕਰਮ ਬਰਾੜ ਨੇ ਦੱਸਿਆ ਕਿ ਇਨਸਾਫ ਲੈਣ ਲਈ 29 ਸਾਲ ਦੇ ਇੰਤਜਾਰ ਨੇ ਸਾਨੂੰ ਵੀ ਬਜੁਰਗ ਬਣਾ ਦਿੱਤਾ ਹੈ। 29 ਸਾਲਾਂ ਦੇ ਇਸ ਸਮੇਂ ਦੌਰਾਨ ਗਮਦੂਰ ਸਿੰਘ ਦੀ ਪਤਨੀ ਚਰਨਜੀਤ ਕੌਰ ਅਤੇ ਭੈਣ ਇਕਬਾਲ ਕੌਰ ਫੈਸਲੇ ਦਾ ਇੰਤਜਾਰ ਕਰਦੇ-ਕਰਦੇ ਦੁਨੀਆ ਨੂੰ ਅਲਵਿਦਾ ਆਖ ਗਈਆਂ ਅਤੇ ਦੂਜੀ ਭੈਣ ਕੁਲਦੀਪ ਕੌਰ ਅਧਰੰਗ ਕਾਰਨ ਮੰਜੇ 'ਤੇ ਹੈ। ਉਨ੍ਹਾਂ ਕਿਹਾ ਕਿ ਸਾਡੇ ਕੇਸ ਦੀ ਸੈਸਨ ਕੋਰਟ ਅਤੇ ਹਾਈਕੋਰਟ 'ਚ ਪੈਰਵੀਂ ਕਰਨ ਵਾਲੇ ਸਾਡੇ ਵਕੀਲ ਕਿਰਨਜੀਤ ਸਿੰਘ ਸੇਖੋਂ ਵੱਲੋਂ ਸਾਨੂੰ ਦਿੱਤੇ ਇਨਸਾਫ ਦੇ ਭਰੋਸੇ ਨਾਲ ਹੀ ਅਸੀਂ ਹੌਂਸਲੇ ਨਾਲ ਲੜਾਈ ਲੜਦੇ ਰਹੇ। ਮਾਣਯੋਗ ਪੰਜਾਬ ਐਂਡ ਹਰਿਆਣਾ ਹਾਈਕੋਰਟ ਦੇ ਫੈਸਲੇ ਅਨੁਸਾਰ ਇਸ ਕੇਸ 'ਚ ਤਤਕਾਲੀਨ ਡੀ. ਐੱਸ. ਪੀ., ਰਿਟਾਇਰ ਐੱਸ. ਪੀ. ਗੁਰਸੇਵਕ ਸਿੰਘ ਦੀਪ ਨਗਰ ਵਾਸੀ ਪਟਿਆਲਾ, ਥਾਣੇਦਾਰ ਹਰਭਜਨ ਸਿੰਘ ਵਾਸੀ ਪਿੰਡ ਬਤਾਲਾ ਜ਼ਿਲ੍ਹਾ ਅੰਮ੍ਰਿਤਸਰ, ਕਿਰਪਾਲ ਸਿੰਘ ਹੌਲਦਾਰ ਵਾਸੀ ਪਿੰਡ ਜੈਤੋ ਸਰਜਾ ਜ਼ਿਲ੍ਹਾ ਗੁਰਦਾਸਪੁਰ ਨੂੰ ਉਮਰ ਕੈਦ ਦੀ ਸਜਾ ਸੁਣਾ ਕੇ ਤਿੰਨਾਂ ਦੋਸੀਆਂ ਨੂੰ ਜੇਲ੍ਹ ਭੇਜ ਦਿੱਤਾ ਹੈ। ਚੌਥੇ ਦੋਸੀ ਹੌਲਦਾਰ ਜਸਵੰਤ ਸਿੰਘ ਪਿੰਡ ਬੀਰੇਵਾਲਾ ਜ਼ਿਲ੍ਹਾ ਮਾਨਸਾ ਜੋ ਕਿ ਅੱਜ-ਕੱਲ ਕੈਨੇਡਾ ਚਲਿਆ ਗਿਆ ਹੈ, ਨੂੰ ਮਾਣਯੋਗ ਜੱਜ ਸੁਰੇਸਵਰ ਠਾਕੁਰ ਅਤੇ ਸੁਦੀਪਤੀ ਸਰਮਾ ਦੇ ਬੈਂਚ ਵੱਲੋਂ 20 ਨਵੰਬਰ 2024 ਨੂੰ ਅਦਾਲਤ 'ਚ ਪੇਸ ਕਰਨ ਦੇ ਹੁਕਮ ਦਿੱਤੇ ਗਏ ਹਨ।

## ਪੰਜਾਬ ਦੀਆਂ ਧੀਆਂ ਨੇ ਵਧਾਇਆ ਮਾਣ, ਤਿੰਨ ਲੜਕੀਆਂ ਦੀ ਇੰਡੀਅਨ ਏਅਰ ਫੋਰਸ ਅਕੈਡਮੀ 'ਚ ਹੋਈ ਚੋਣ

**ਕਿਸ਼ਨ ਪਾਲ**

ਚੰਡੀਗੜ੍ਹ 28 ਸਤੰਬਰ। ਪੰਜਾਬ ਦੀਆਂ ਲੜਕੀਆਂ ਨੂੰ ਸਸਕਤ ਬਣਾਉਣ ਦੀ ਦਿਸਾ ਵਿਚ ਲਗਾਤਾਰ ਯਤਨਸੀਲ ਮਾਈ ਭਾਗੋ ਆਰਮਡ ਫੋਰਸਿਜ ਪ੍ਰੈਪਰੇਟਰੀ ਇੰਸਟੀਚਿਊਟ (ਏ.ਐੱਫ.ਪੀ.ਆਈ.) ਫਾਰ ਗਰਲਜ, ਐੱਸ.ਏ.ਐੱਸ ਨਗਰ (ਮੋਹਾਲੀ) ਦੀਆਂ ਤਿੰਨ ਹੋਰ ਮਹਿਲਾ ਕੈਡਿਟਾਂ ਨੂੰ ਵੱਕਾਰੀ ਇੰਡੀਅਨ ਏਅਰ ਫੋਰਸ ਅਕੈਡਮੀ, ਡੁੰਡੀਗਲ ਵਿਖੇ ਪ੍ਰੀ-ਕਮਿਸਨ ਸਿਖਲਾਈ ਲਈ ਚੁਣਿਆ ਗਿਆ ਹੈ। ਉਨ੍ਹਾਂ ਦੀ ਸਿਖਲਾਈ ਜੁਲਾਈ 2024 ਤੋਂ ਸੁਰੂ ਹੋਵੇਗੀ। ਪਠਾਨਕੋਟ ਦੀ ਰਹਿਣ ਵਾਲੀ ਮਹਿਲਾ ਕੈਡਿਟ ਹਰਨੂਰ ਸਿੰਘ ਸਰਕਾਰੀ ਸਕੂਲ ਦੇ ਪ੍ਰਿੰਸੀਪਲ ਵਿਕਰਮ ਸਿੰਘ ਬੈਂਸ ਦੀ ਧੀ ਹੈ ਜਦੋਂਕਿ ਕੈਡਿਟ ਕ੍ਰਿਤੀ ਐੱਸ ਬਿਸਟ ਪੀ.ਏ.ਸੀ.ਐੱਲ., ਨੰਗਲ ਦੇ ਸੀਨੀਅਰ ਇੰਜੀਨੀਅਰ ਸਕਤੀ ਸਰਨ ਸਿੰਘ ਦੀ ਧੀ ਹੈ। ਜਲੰਧਰ ਦੀ ਰਹਿਣ ਵਾਲੀ ਕੈਡਿਟ ਅਲੀਸਾ, ਜੋ ਪਹਿਲਾਂ ਹੀ ਇੰਡੀਅਨ ਨੇਵਲ ਅਕੈਡਮੀ ਵਿਚ ਸਿਖਲਾਈ ਅਧੀਨ ਹੈ, ਪ੍ਰਾਈਵੇਟ ਸਕੂਲ ਦੇ ਅਧਿਆਪਕ ਸੁਨੀਲ ਦੱਤ ਦੀ ਧੀ ਹੈ। ਪੰਜਾਬ ਦੇ ਰੋਜਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਅਮਨ ਅਰੋੜਾ ਨੇ ਤਿੰਨਾਂ ਕੈਡਿਟਾਂ ਨੂੰ ਉਨ੍ਹਾਂ ਦੀ ਇਸ ਸਾਨਦਾਰ



ਉਪਲੱਬਧੀ ਲਈ ਵਧਾਈ ਦਿੰਦਿਆਂ ਕਿਹਾ ਕਿ ਇਨ੍ਹਾਂ ਬੱਚੀਆਂ ਦੀ ਸਫਲਤਾ ਯਕੀਨੀ ਤੌਰ 'ਤੇ ਪੰਜਾਬ ਦੇ ਛੋਟੇ ਕਸਬਿਆਂ ਅਤੇ ਪਿੰਡਾਂ ਦੀਆਂ ਕੁੜੀਆਂ ਨੂੰ ਰੱਖਿਆ ਸੇਵਾਵਾਂ ਵਿਚ ਕਮਿਸਨਡ ਅਫਸਰਾਂ ਵਜੋਂ ਦੇਸ ਦੀ ਸੇਵਾ ਕਰਨ ਲਈ ਪ੍ਰੇਰਿਤ ਕਰੇਗੀ। ਅਮਨ ਅਰੋੜਾ ਨੇ ਦੱਸਿਆ ਕਿ ਰੱਖਿਆ ਸੇਵਾਵਾਂ ਵਿਚ ਸਾਮਲ ਹੋਣ ਦੀਆਂ ਚਾਹਵਾਨ ਸੂਬੇ ਦੀਆਂ ਲੜਕੀਆਂ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਪਿਛਲੇ ਸਾਲ ਮਾਈ ਭਾਗੋ ਏ.ਐੱਫ.ਪੀ.ਆਈ. ਵਿਖੇ ਐੱਨ.ਡੀ.ਏ. ਪ੍ਰੈਪਰੇਟਰੀ ਵਿੰਗ ਸੁਰੂ ਕਰਨ ਦੀ ਪ੍ਰਵਾਨਗੀ ਦਿੱਤੀ ਸੀ। ਉਨ੍ਹਾਂ ਦੱਸਿਆ ਕਿ ਮੌਜੂਦਾ ਸਮੇਂ ਇਸ ਦੇ ਦੂਜੇ ਬੈਚ ਨੇ ਅਪ੍ਰੈਲ 2024 ਤੋਂ ਸਿਖਲਾਈ ਸੁਰੂ ਕਰ ਦਿੱਤੀ ਹੈ। ਮਾਈ ਭਾਗੋ ਏ.ਐੱਫ.ਪੀ.ਆਈ. ਦੇ ਡਾਇਰੈਕਟਰ ਮੇਜਰ ਜਨਰਲ ਜਸਬੀਰ ਸਿੰਘ ਸੰਧੂ, ਏ.ਵੀ.ਐਸ.ਐਮ (ਸੇਵਾਮੁਕਤ) ਨੇ ਇਹਨਾਂ ਤਿੰਨ ਕੈਡਿਟਾਂ ਦੇ ਇੰਡੀਅਨ ਏਅਰ ਫੋਰਸ ਅਕੈਡਮੀ ਲਈ ਚੁਣੇ ਜਾਣ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਸ ਪ੍ਰਾਪਤੀ ਨਾਲ ਸੂਬੇ ਦੀਆਂ ਹੋਰ ਲੜਕੀਆਂ ਨੂੰ ਵੱਖ-ਵੱਖ ਹਥਿਆਰਬੰਦ ਬਲਾਂ ਦੀ ਪ੍ਰੀ ਕਮਿਸਨ ਸਿਖਲਾਈ ਅਕੈਡਮੀਆਂ ਵਿਚ ਭੇਜਣ ਸਬੰਧੀ ਉਨ੍ਹਾਂ ਦੇ ਯਤਨਾਂ ਨੂੰ ਹੋਰ ਹੁਲਾਰਾ ਮਿਲੇਗਾ। ਉਨ੍ਹਾਂ ਨੇ ਇਨ੍ਹਾਂ ਮਹਿਲਾ ਕੈਡਿਟਾਂ ਨੂੰ ਭਾਰਤੀ ਹਵਾਈ ਸੈਨਾ ਵਿੱਚ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸੁਭਕਾਮਨਾਵਾਂ ਵੀ ਦਿੱਤੀਆਂ।

## ਅੱਤ ਦੀ ਗਰਮੀ ਦੌਰਾਨ ਪੰਜਾਬ ਪਾਵਰਕਾਮ ਦੀ ਵੱਡੀ ਉਪਲਬਧੀ

**ਏਜੰਸੀਆਂ**

ਪਟਿਆਲਾ 28 ਸਤੰਬਰ। ਪੰਜਾਬ ਰਾਜ ਬਿਜਲੀ ਨਿਗਮ ਲਿਮਟਿਡ (ਪਾਵਰਕਾਮ) ਨੇ ਅੱਜ ਸੂਬੇ ਵਿਚ ਬਿਜਲੀ ਖਪਤਕਾਰਾਂ ਨੂੰ ਬਿਜਲੀ ਸਪਲਾਈ ਕਰਨ ਦਾ ਆਪਣਾ ਹੀ ਪਿਛਲੇ ਸਾਲ ਕਾਇਮ ਕੀਤਾ ਰਿਕਾਰਡ ਤੋੜ ਦਿੱਤਾ ਹੈ। ਪਿਛਲੇ ਸਾਲ ਪਾਵਰਕਾਮ ਨੇ ਝੋਨੇ ਦੀ ਲੁਆਈ ਦੇ ਪਹਿਲੇ ਪੜਾਅ ਦੌਰਾਨ 15325 ਮੈਗਾਵਾਟ ਬਿਜਲੀ ਸਪਲਾਈ ਕਰਨ ਦਾ ਰਿਕਾਰਡ ਸਥਾਪਿਤ ਕੀਤਾ ਸੀ ਜਦੋਂ ਕਿ ਅੱਜ ਇਸ ਵੱਲੋਂ 15379 ਮੈਗਾਵਾਟ ਬਿਜਲੀ ਸਪਲਾਈ ਕੀਤੀ ਗਈ ਅਤੇ ਨਵਾਂ ਕੀਰਤੀਮਾਨ ਸਥਾਪਿਤ ਕੀਤਾ ਗਿਆ। ਪਾਵਰਕਾਮ ਦੇ



ਇਤਿਹਾਸ ਵਿਚ ਇਹ ਬਹੁਤ ਵੱਡੀ ਪ੍ਰਾਪਤੀ ਹੈ। ਸੂਬੇ ਵਿਚ ਆਪਣੇ ਸਰੋਤਾਂ ਤੋਂ ਇਸ ਵੇਲੇ 6200 ਮੈਗਾਵਾਟ ਬਿਜਲੀ ਪੈਦਾ ਹੋ ਰਹੀ ਹੈ ਅਤੇ ਉੱਤਰੀ ਗਰਿੱਡ ਤੋਂ 8900 ਮੈਗਾਵਾਟ ਬਿਜਲੀ ਮਿਲ ਰਹੀ ਹੈ। ਸੋਮਵਾਰ ਨੂੰ ਝੋਨੇ ਦੀ ਲੁਆਈ ਦਾ ਸੀਜਨ ਸੁਰੂ ਹੋਇਆ ਤਾਂ ਬਿਜਲੀ ਦੀ ਮੰਗ 125600 ਮੈਗਾਵਾਟ ਸੀ ਜੋ ਅੱਜ ਤੀਜੇ ਹੀ ਦਿਨ 2500 ਮੈਗਾਵਾਟ ਵੱਧ ਗਈ। ਪਾਵਰਕਾਮ ਦੇ ਸੂਤਰਾਂ ਮੁਤਾਬਕ ਬੁੱਧਵਾਰ ਨੂੰ ਬਿਜਲੀ ਦੀ ਸਪਲਾਈ 2709 ਮਿਲੀਅਨ ਯੂਨਿਟ ਸੀ ਅਤੇ ਵੱਧ ਤੋਂ ਵੱਧ ਮੰਗ 14794 ਮੈਗਾਵਾਟ ਸੀ। ਬੁੱਧਵਾਰ ਨੂੰ ਆਪਣੇ ਥਰਮਲਾਂ ਤੋਂ ਪਾਵਰਕਾਮ ਨੂੰ 401 ਲੱਖ ਯੂਨਿਟ ਬਿਜਲੀ ਮਿਲੀ, ਰਾਜਪੁਰਾ ਤੇ ਤਲਵੰਡੀ ਸਾਬੋ ਤੋਂ 724 ਲੱਖ ਯੂਨਿਟ ਬਿਜਲੀ ਮਿਲੀ। ਜੂਨ ਦੇ ਪਹਿਲੇ 12 ਦਿਨਾਂ ਵਿਚ ਪਾਵਰਕਾਮ ਨੇ 29298 ਲੱਖ ਯੂਨਿਟ ਬਿਜਲੀ ਸਪਲਾਈ ਕੀਤੀ ਹੈ ਜਦਕਿ ਪਿਛਲੇ ਸਾਲ ਇਨ੍ਹਾਂ ਦਿਨਾਂ ਵਿਚ 20898 ਲੱਖ ਯੂਨਿਟ ਬਿਜਲੀ ਸਪਲਾਈ ਕੀਤੀ ਸੀ। ਕੋਲਾ ਸਟਾਕ ਦੀ ਗੱਲ ਕਰੀਏ ਤਾਂ ਤਲਵੰਡੀ ਸਾਬੋ ਪਲਾਂਟ ਕੋਲ ਸਿਰਫ 4 ਦਿਨਾਂ ਦਾ ਕੋਲਾ ਹੈ ਤੇ ਬਾਕੀ ਪਲਾਂਟਾਂ ਵਿਚ ਵਾਧੂ ਕੋਲਾ ਪਿਆ ਹੈ। ਭਾਖੜਾ ਡੈਮ ਵਿਚ ਪਾਣੀ ਦਾ ਪੱਧਰ 1584 ਫੁੱਟ ਹੈ ਜੋ ਪਿਛਲੇ ਸਾਲ ਦੇ 1571 ਫੁੱਟ ਨਾਲੋਂ 13 ਫੁੱਟ ਜ਼ਿਆਦਾ ਹੈ। ਪਿਛਲੇ ਸਾਲ ਜੂਨ ਵਿਚ ਪਾਵਰਕਾਮ ਨੇ 23 ਜੂਨ ਨੂੰ ਵੱਧ ਤੋਂ ਵੱਧ 15325 ਮੈਗਾਵਾਟ ਬਿਜਲੀ ਸਪਲਾਈ ਕਰਨ ਦਾ ਰਿਕਾਰਡ ਬਣਾਇਆ ਸੀ ਜਦੋਂ ਕਿ ਇਸ ਵਾਰ ਪਾਵਰਕਾਮ 16500 ਮੈਗਾਵਾਟ ਬਿਜਲੀ ਸਪਲਾਈ ਕਰਨ ਲਈ ਸਮਰੱਥ ਹੈ।

## 100 ਗ੍ਰਾਮ ਹੈਰੋਇਨ ਅਤੇ 4.80 ਲੱਖ ਰੁਪਏ ਡਰੱਗ ਮਨੀ ਸਮੇਤ 2 ਗ੍ਰਿਫਤਾਰ

ਬਟਾਲਾ 28 ਸਤੰਬਰ। ਸਾਹਿਲ, ਖੋਖਰ) : ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਅੰਮ੍ਰਿਤਸਰ ਦੀ ਟੀਮ ਨੇ 2 ਵਿਅਕਤੀਆਂ ਨੂੰ 100 ਗ੍ਰਾਮ ਹੈਰੋਇਨ ਅਤੇ 4 ਲੱਖ 80 ਹਜਾਰ ਰੁਪਏ ਦੀ ਡਰੱਗ ਮਨੀ ਸਮੇਤ ਗ੍ਰਿਫਤਾਰ ਕੀਤਾ ਹੈ। ਇਸ ਸਬੰਧੀ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਅੰਮ੍ਰਿਤਸਰ ਦੇ ਇੰਸਪੈਕਟਰ ਅਮਨਦੀਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਪਿੰਡ ਸ਼ਾਹਬਾਦ ਦੇ ਨਜ਼ਦੀਕ ਤੋਂ ਇਕ ਐਕਟਿਵਾ ਸਵਾਰ 2 ਵਿਅਕਤੀਆਂ ਨੂੰ ਕਾਬੂ ਕਰ ਕੇ ਉਨ੍ਹਾਂ ਕੋਲੋਂ 100 ਗ੍ਰਾਮ ਹੈਰੋਇਨ ਅਤੇ 4 ਲੱਖ 80 ਹਜਾਰ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਉਨ੍ਹਾਂ ਦੱਸਿਆ ਕਿ ਫੜੇ ਗਏ ਵਿਅਕਤੀਆਂ ਦੀ ਪਛਾਣ ਲਵਜੀਤ ਸਿੰਘ ਅਤੇ ਸੇਵਕ ਦੋਵੇਂ ਵਾਸੀ ਪਿੰਡ ਗੁੰਥਗੜ੍ਹ ਵਜੋਂ ਹੋਈ ਹੈ। ਪੁਲਸ ਨੇ ਉਕਤ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਕੇ ਥਾਣਾ ਸਪੈਸ਼ਲ ਆਪ੍ਰੇਸ਼ਨ ਸੈੱਲ ਅੰਮ੍ਰਿਤਸਰ ਵਿਖੇ ਮਾਮਲਾ ਦਰਜ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਉਕਤ ਵਿਅਕਤੀਆਂ ਨੇ ਪੁਲਸ ਨੂੰ ਦੱਸਿਆ ਕਿ ਉਹ ਗੋਇੰਦਵਾਲ ਜੇਲ੍ਹ 'ਚ ਬੰਦ ਇਕ ਨਸ਼ਾ ਸਮੱਗਲਰ ਦੇ ਨਿਰਦੇਸ਼ਾਂ ਤਹਿਤ ਕੰਮ ਕਰਦੇ ਸਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਵੱਲੋਂ ਉਕਤ ਵਿਅਕਤੀਆਂ ਨੂੰ ਬਟਾਲਾ ਦੀ ਅਦਾਲਤ 'ਚ ਪੇਸ਼ ਕਰ ਕੇ ਰਿਮਾਂਡ ਹਾਸਲ ਕੀਤਾ ਗਿਆ ਹੈ ਤਾਂ ਜੋ ਉਨ੍ਹਾਂ ਪਾਸੋਂ ਹੋਰ ਖੁਲਾਸੇ ਹੋ ਸਕਣ।

### ਪੰਜਾਬ 'ਚ ਵਾਪਰਿਆ ਭਿਆਨਕ ਹਾਦਸਾ !

ਖੰਨਾ 28 ਸਤੰਬਰ। ਖੰਨਾ ਵਿਚ ਨੈਸ਼ਨਲ ਹਾਈਵੇਅ 'ਤੇ ਅੱਧੀ ਰਾਤ ਨੂੰ ਵੱਡਾ ਹਾਦਸਾ ਵਾਪਰਿਆ। ਇੱਤੇ ਬਿਹਾਰ ਤੇ ਯੂ.ਪੀ. ਤੋਂ ਲੇਬਰ ਲੈ ਕੇ ਆ ਰਹੀ ਬੱਸ ਨੂੰ ਪਿੱਛਿਓਂ ਤੇਜ ਰਫਤਾਰ ਟਰਾਲੇ ਨੇ ਟੱਕਰ ਮਾਰ ਦਿੱਤੀ, ਜਿਸ ਨਾਲ ਬੱਸ ਤਕਰੀਬਨ 150 ਮੀਟਰ ਦੂਰ ਜਾ ਕੇ ਬਿਜਲੀ ਦੇ ਟ੍ਰਾਂਸਫਾਰਮਰ ਨਾਲ ਟਕਰਾ ਗਈ। ਹਾਦਸੇ ਵਿਚ 25 ਤੋਂ 30 ਮਜਦੂਰ ਜਖਮੀ ਹੋ ਗਏ। ਜਖਮੀਆਂ ਵਿਚ ਕੁਝ ਔਰਤਾਂ ਤੇ ਬੱਚੇ ਵੀ ਸ਼ਾਮਲ ਹਨ। ਇਨ੍ਹਾਂ ਨੂੰ ਸਿਵਲ ਹਸਪਤਾਲ ਖੰਨਾ ਵਿਚ ਦਾਖਲ ਕਰਵਾਇਆ ਗਿਆ ਹੈ। ਜਾਣਕਾਰੀ ਮੁਤਾਬਕ ਪੰਜਾਬ ਵਿਚ ਝੋਨਾ ਲਗਾਉਣ ਲਈ ਬਿਹਾਰ ਤੇ ਯੂ.ਪੀ. ਤੋਂ ਤਕਰੀਬਨ 65 ਮਜਦੂਰ ਬੱਸ ਵਿਚ ਆ ਰਹੇ ਸਨ। ਅੱਧੀ ਲੇਬਰ ਨੂੰ ਖੰਨਾ ਵਿਚ ਉਤਾਰਨਾ ਸੀ। ਰਾਤ ਨੂੰ ਤਕਰੀਬਨ ਸਾਢੇ 12 ਵਜੇ ਦੇ ਕਰੀਬ ਬੱਸ ਨੈਸ਼ਨਲ ਹਾਈਵੇ 'ਤੇ ਗੁਰੂ ਅਮਰਦਾਸ ਮਾਰਕੀਟ ਦੇ ਸਾਹਮਣੇ ਬਣੇ ਕੱਟ 'ਤੇ ਰੁਕੀ। ਅਜੇ ਕੁੱਝ ਮਜਦੂਰ ਹੇਠਾਂ ਉਤਰੇ ਹੀ ਸੀ ਕਿ ਉਦੋਂ ਹੀ ਮਗਰੋਂ ਤੇਜ ਰਫਤਾਰ ਟਰਾਲੇ ਨੇ ਆ ਕੇ ਬੱਸ ਨੂੰ ਟੱਕਰ ਮਾਰ ਦਿੱਤੀ। ਟੱਕਰ ਇੰਨੀ ਜੋਰਦਾਰ ਸੀ ਕਿ ਦੂਰ ਤਕ ਇਸ ਦੀ ਆਵਾਜ ਗਈ। ਇੰਨੇ ਨੂੰ ਬੱਸ ਤਕਰੀਬਨ 150 ਮੀਟਰ ਦੂਰ ਜਾ ਕੇ ਟ੍ਰਾਂਸਫਾਰਮਰ ਨਾਲ ਟਕਰਾਈ ਤਾਂ ਜੋਰਦਾਰ ਧਮਾਕਾ ਹੋਇਆ। ਮਜਦੂਰਾਂ ਵਿਚਾਲੇ ਚੀਕ ਚਿਹਾੜਾ ਮੱਚ ਗਿਆ। ਧਮਾਕੇ ਦੀ ਆਵਾਜ ਸੁਣ ਕੇ ਨੇੜੇ ਹੀ ਸਿਵਲ ਹਸਪਤਾਲ ਵਿਚ ਮੌਜੂਦ ਪਾਰਕਿੰਗ ਠੇਕੇਦਾਰ ਬਲਜਿੰਦਰ ਸਿੰਘ ਟੀਟੂ ਆਪਣੇ ਸਾਥੀਆਂ ਸਮੇਤ ਮੌਕੇ 'ਤੇ ਪਹੁੰਚਿਆ।

## ਸਕੂਲ ਦੀ ਅਣਗਹਿਲੀ ਕਾਰਨ ਪ੍ਰੀਖਿਆ ਨਹੀਂ ਦੇ ਸਕੇ ਵਿਦਿਆਰਥੀ, ਹੈਰਾਨ ਕਰੇਗੀ ਵਜ੍ਹਾ

**ਏਜੰਸੀਆਂ**

ਲੁਧਿਆਣਾ 28 ਸਤੰਬਰ। ਪਿਛਲੇ ਕਈ ਦਿਨਾਂ ਤੋਂ ਸਿੱਖਿਆ ਵਿਭਾਗ ਦੀਆਂ ਟਰਮ-1 ਪ੍ਰੀਖਿਆਵਾਂ 'ਚ ਅਪੀਅਰ ਹੋਣ ਲਈ ਤਿਆਰੀ ਕਰ ਰਹੇ ਸਰਕਾਰੀ ਹਾਈ ਸਕੂਲ ਮੁੱਲਾਂਪੁਰ ਮੰਡੀ ਦੇ 6ਵੀਂ ਤੋਂ 10ਵੀਂ ਤੱਕ ਦੇ ਵਿਦਿਆਰਥੀਆਂ ਨੂੰ ਕੀ ਪਤਾ ਸੀ ਕਿ ਜਿਸ ਪ੍ਰੀਖਿਆ ਲਈ ਉਹ ਦਿਨ-ਰਾਤ ਤਿਆਰੀ ਕਰ ਰਹੇ ਹਨ, ਉਸ ਦਾ ਪਹਿਲਾ ਪੇਪਰ ਹੀ ਨਹੀਂ ਦੇ ਸਕਣਗੇ। ਜਾਣਕਾਰੀ ਮੁਤਾਬਕ ਉਕਤ ਸਕੂਲ 'ਚ 6ਵੀਂ ਤੋਂ 10ਵੀਂ ਕਲਾਸ ਤੱਕ ਦੇ ਕਰੀਬ 400 ਵਿਦਿਆਰਥੀ ਪੜ੍ਹਾਈ ਕਰਦੇ ਹਨ, ਜਿਨ੍ਹਾਂ ਦਾ ਅੱਜ ਟਰਮ ਪ੍ਰੀਖਿਆਵਾਂ ਦੀ ਡੇਟਸ਼ੀਟ ਮੁਤਾਬਕ ਪਹਿਲਾ ਪੇਪਰ ਸੀ ਪਰ ਸਾਰੇ ਵਿਦਿਆਰਥੀ ਬਿਨਾਂ ਪੇਪਰ ਦਿੱਤੇ ਹੀ ਘਰਾਂ ਨੂੰ ਮੁੜ ਗਏ। ਉਕਤ ਗੱਲ ਦਾ ਜਦੋਂ ਪੇਰੈਂਟਸ ਨੂੰ ਪਤਾ ਲੱਗਾ ਤਾਂ ਉਨ੍ਹਾਂ ਵਿਚ ਵੀ ਨਿਰਾਸ਼ਾ ਛਾ ਗਈ ਕਿ ਬੱਚੇ ਬਗੈਰ ਪੇਪਰ ਦਿੱਤੇ ਹੀ ਵਾਪਸ ਪਰਤ ਆਏ। ਮਿਲੀ ਸੂਚਨਾ ਮੁਤਾਬਕ ਪ੍ਰੀਖਿਆਵਾਂ ਲਈ ਪ੍ਰਸ਼ਨ-ਪੱਤਰ ਤਾਂ ਸਕੂਲ ਦੀ ਈ-ਮੇਲ ਆਈ. ਡੀ. 'ਤੇ ਵਿਭਾਗ ਵੱਲੋਂ ਭੇਜ ਦਿੱਤੇ ਗਏ ਪਰ ਸਕੂਲ ਵੱਲੋਂ ਪ੍ਰਸ਼ਨ ਪੱਤਰਾਂ ਦੀ ਫੋਟੋ ਕਾਪੀ ਕਰਵਾਉਣ ਲਈ ਫੰਡ ਨਾ ਹੋਣ ਦਾ ਹਵਾਲਾ ਦੇ ਕੇ ਅੱਜ ਦਾ ਪੇਪਰ ਹੀ ਨਹੀਂ ਕਰਵਾਇਆ ਗਿਆ। ਗੱਲ ਕਰਨ 'ਤੇ ਸਕੂਲ ਦੀ ਹੈੱਡ ਮਿਸਟ੍ਰੈੱਸ ਖੁਸ਼ਮਿੰਦਰ ਕੌਰ ਨੇ ਦੱਸਿਆ ਕਿ ਵਿਭਾਗ ਨੇ ਬੇਸ਼ੱਕ ਪ੍ਰਸ਼ਨ-ਪੱਤਰ ਤਾਂ ਭੇਜ ਦਿੱਤੇ ਪਰ ਇਨ੍ਹਾਂ ਦੀਆਂ ਫੋਟੋ ਕਾਪੀਆਂ ਕਰਵਾਉਣ ਲਈ ਫੰਡ ਨਹੀਂ ਜਾਰੀ ਕੀਤੇ ਗਏ। ਸਕੂਲ ਕੋਲ ਪਹਿਲਾਂ



ਹੀ ਫੰਡ ਨਹੀਂ ਹਨ, ਜਿਸ ਕਾਰਨ ਫੋਟੋ ਕਾਪੀਆਂ ਨਹੀਂ ਕਰਵਾਈਆਂ ਜਾ ਸਕੀਆਂ। ਉਨ੍ਹਾਂ ਕਿਹਾ ਕਿ ਸਕੂਲ 'ਚ ਵਿਦਿਆਰਥੀਆਂ ਦੀ ਗਿਣਤੀ ਕਾਫੀ ਜ਼ਿਆਦਾ ਹੈ। ਅਜਿਹੇ 'ਚ ਜੇਕਰ ਸਾਰੇ ਵਿਸ਼ਿਆਂ ਦੇ ਪ੍ਰਸ਼ਨ ਪੱਤਰਾਂ ਦੀਆਂ ਫੋਟੋ ਕਾਪੀਆਂ ਕਰਵਾਈਆਂ ਜਾਣ ਤਾਂ ਕਰੀਬ 12,000 ਖਰਚ ਆਉਂਦਾ ਹੈ, ਜਿਸ ਨੂੰ ਖਰਚ ਕਰਨ ਲਈ ਸਕੂਲ ਅਸਮਰੱਥ ਹੈ, ਕਿਉਂਕਿ ਪਹਿਲਾਂ ਹੀ ਚੋਣ ਜਾਬਤਾ ਲੱਗਣ ਕਾਰਨ ਉਨ੍ਹਾਂ ਦੇ ਫੰਡ ਵਾਪਸ ਲੈ ਲਏ ਗਏ, ਜੋ ਅਜੇ ਤੱਕ ਨਹੀਂ ਮਿਲੇ ਹਨ। ਅਜਿਹੇ 'ਚ ਵਿਭਾਗ ਨੂੰ ਪ੍ਰੀਖਿਆਵਾਂ ਦਾ ਸ਼ਡਿਊਲ ਜਾਰੀ ਕਰਨ ਦੇ ਨਾਲ ਹੀ ਸਕੂਲਾਂ 'ਚ ਬੱਚਿਆਂ ਦੀ ਗਿਣਤੀ ਦੇ ਆਧਾਰ 'ਤੇ ਉਸੇ ਸਮੇਂ ਐਗਜ਼ਾਮੀਨੇਸ਼ਨ ਲਈ ਫੰਡ ਵੀ ਜਾਰੀ ਕਰਨੇ ਚਾਹੀਦੇ ਸਨ। ਹੈੱਡ ਮਿਸਟ੍ਰੈੱਸ ਮੁਤਾਬਕ ਅੱਜ ਪੇਪਰ ਨਾ ਹੋਣ ਦਾ ਮਾਮਲਾ ਐੱਸ. ਐੱਮ. ਸੀ. ਦੇ ਧਿਆਨ 'ਚ ਆਇਆ ਤਾਂ ਉਨ੍ਹਾਂ ਨੇ ਵਿਦਿਆਰਥੀਆਂ ਦੇ ਹਿੱਤ 'ਚ ਫੈਸਲਾ ਲੈ ਕੇ ਫੰਡਾਂ ਦੀ ਸਮੱਸਿਆ ਦਾ ਹੱਲ ਕਰਵਾਇਆ, ਜਿਸ ਦੌਰਾਨ ਵੀਰਵਾਰ ਤੋਂ ਸਾਰੇ ਪੇਪਰ ਰੁਟੀਨ 'ਚ ਲਏ ਜਾਣਗੇ। ਦੱਸ ਦੇਈਏ ਕਿ 6ਵੀਂ ਤੋਂ 10ਵੀਂ ਤੱਕ ਦੇ ਪੇਪਰ 7 ਅਕਤੂਬਰ ਤੱਕ ਚੱਲਣਗੇ। ਇਸ ਸਬੰਧੀ ਗੱਲ ਕਰਨ 'ਤੇ ਡੀ. ਈ. ਓ. ਸੈਕੰਡਰੀ ਡਿੰਪਲ ਮਦਾਨ ਨੇ ਕਿਹਾ ਕਿ ਵਿਭਾਗ ਵੱਲੋਂ ਸਾਰੇ ਸਕੂਲਾਂ ਨੂੰ ਫੰਡ ਜਾਰੀ ਕੀਤੇ ਗਏ ਹਨ। ਜੇਕਰ ਇਸ ਸਕੂਲ ਕੋਲ ਫੰਡ ਨਹੀਂ ਸਨ ਤਾਂ ਸਕੂਲ 'ਚ ਜਮ੍ਹਾ ਅਮਲਗਾਮੇਟਿਡ ਫੰਡ ਨੂੰ ਯੂਜ਼ ਕਰ ਕੇ ਪ੍ਰਸ਼ਨ-ਪੱਤਰਾਂ ਦੀਆਂ ਫੋਟੋ ਕਾਪੀਆਂ ਕਰਵਾ ਕੇ ਪੇਪਰ ਲਿਆ ਜਾ ਸਕਦਾ ਸੀ।

# ਅੱਧਾ ਮਹੀਨਾ ਬੀਤਣ ਵਾਲਾ, ਆਪਣੇ ਸਟਾਫ ਨੂੰ ਤਨਖਾਹ ਤਕ ਨਹੀਂ ਦੇ ਪਾ ਰਿਹਾ ਨਿਗਮ

**ਏਜੰਸੀਆਂ**

ਜਲੰਧਰ 28 ਸਤੰਬਰ। ਨਗਰ ਨਿਗਮ ਜਲੰਧਰ ਇਨੀਂ ਦਿਨੀਂ ਗੰਭੀਰ ਵਿੱਤੀ ਸੰਕਟ ਦਾ ਸ਼ਿਕਾਰ ਹੈ। ਜੂਨ ਦਾ ਅੱਧਾ ਮਹੀਨਾ ਬੀਤਣ ਵਾਲਾ ਹੈ ਪਰ ਜਲੰਧਰ ਨਿਗਮ ਆਪਣੇ ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਹੁਣ ਤਕ ਤਨਖਾਹ ਹੀ ਨਹੀਂ ਦੇ ਸਕਿਆ ਹੈ। ਫਿਲਹਾਲ ਜਲੰਧਰ ਨਿਗਮ ਵਿਚ ਵਿੱਤੀ ਸੰਕਟ ਦੇ ਆਸਾਰ ਪਿਛਲੇ ਕਈ ਮਹੀਨਿਆਂ ਤੋਂ ਵੇਖੇ ਜਾ ਰਹੇ ਹਨ। ਕੁਝ ਮਹੀਨੇ ਪਹਿਲਾਂ ਵੀ ਕਰਮਚਾਰੀਆਂ ਨੂੰ ਤਨਖਾਹ ਦੇਣ ਵਿਚ ਕੁਝ ਦਿਨਾਂ ਦੀ ਦੇਰੀ ਹੋਈ ਸੀ। ਫਿਲਹਾਲ ਨਗਰ ਨਿਗਮ ਵੱਲੋਂ ਠੇਕੇਦਾਰਾਂ ਆਦਿ ਦੇ ਭੁਗਤਾਨ ਨੂੰ ਵੀ ਟਾਲਿਆ ਜਾ ਰਿਹਾ ਹੈ। ਸੂਤਰਾਂ ਮੁਤਾਬਕ ਜਲੰਧਰ ਨਗਰ ਨਿਗਮ ਹਰ ਮਹੀਨੇ ਆਪਣੇ ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਲੱਗਭਗ 15 ਕਰੋੜ ਰੁਪਏ ਤਨਖਾਹ ਅਦਾ ਕਰਦਾ ਹੈ। ਇਸ ਵਿਚੋਂ ਅੱਧੀ ਤਨਖਾਹ ਚੌਥਾ ਦਰਜਾ ਕਰਮਚਾਰੀਆਂ ਜਿਵੇਂ ਸਫਾਈ ਕਰਮਚਾਰੀ, ਸੀਵਰਮੈਨਾਂ ਆਦਿ ਦੀ ਹੁੰਦੀ ਹੈ। ਨਿਗਮ ਵੱਲੋਂ ਸਭ ਤੋਂ ਪਹਿਲਾਂ ਚੌਥਾ ਦਰਜਾ ਕਰਮਚਾਰੀਆਂ ਦੀ ਤਨਖਾਹ ਅਦਾ ਕੀਤੀ ਜਾਂਦੀ ਹੈ। ਇਸ ਵਾਰ ਵੀ ਜਲੰਧਰ ਨਿਗਮ ਨੇ ਲਗਭਗ 7 ਕਰੋੜ ਰੁਪਏ ਦੀ ਤਨਖਾਹ ਆਪਣੇ ਚੌਥੇ ਦਰਜਾ ਕਰਮਚਾਰੀਆਂ ਨੂੰ ਦੇ ਦਿੱਤੀ ਹੈ ਪਰ ਕਲਰਕ ਲੈਵਲ ਤੋਂ ਲੈ ਕੇ ਉਪਰਲੀ ਪੋਸਟ 'ਤੇ ਬੈਠੇ ਅਧਿਕਾਰੀਆਂ ਨੂੰ ਹੁਣ ਤਕ ਤਨਖਾਹ ਰਿਲੀਜ ਨਹੀਂ ਕੀਤੀ ਜਾ ਸਕੀ, ਜੋ ਲਗਭਗ 7-8 ਕਰੋੜ ਰੁਪਏ ਬਣਦੀ ਹੈ। ਪਤਾ ਲੱਗਾ ਹੈ ਕਿ ਨਿਗਮ ਕਮਿਸ਼ਨਰ ਗੌਤਮ ਜੈਨ ਦੇ ਧਿਆਨ ਵਿਚ ਇਹ ਮਾਮਲਾ ਹੈ ਅਤੇ ਉਨ੍ਹਾਂ ਪਿਛਲੇ ਦਿਨੀਂ ਸੈਕਟਰੀ ਫਾਈਨਾਂਸ ਨਾਲ ਫੋਨ 'ਤੇ ਗੱਲ ਵੀ ਕੀਤੀ ਸੀ। ਮੰਨਿਆ ਜਾ ਰਿਹਾ ਹੈ ਕਿ ਪੰਜਾਬ ਸਰਕਾਰ ਵੱਲੋਂ 1-2 ਦਿਨਾਂ ਵਿਚ ਜੀ. ਐੱਸ. ਟੀ. ਸ਼ੇਅਰ ਦੀ ਰਕਮ ਜਲੰਧਰ ਨਿਗਮ ਨੂੰ ਰਿਲੀਜ ਕਰ ਦਿੱਤੀ ਜਾਵੇਗੀ, ਇਸ ਤੋਂ ਬਾਅਦ ਹੀ ਨਿਗਮ ਆਪਣੇ ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਤਨਖਾਹ ਦੇਣ ਦੀ ਸਥਿਤੀ ਵਿਚ ਹੋਵੇਗਾ। ਨਿਗਮ ਨੂੰ ਦਰਪੇਸ਼ ਵਿੱਤੀ ਸੰਕਟ ਕਾਰਨ ਅੱਜ ਨਿਗਮ ਕਮਿਸ਼ਨਰ ਵੱਲੋਂ ਸਾਰੇ ਵਿਭਾਗਾਂ ਦੀ ਇਕ ਮੀਟਿੰਗ ਸੱਦੀ ਗਈ ਅਤੇ ਆਮਦਨ ਸਬੰਧੀ ਚਰਚਾ ਕੀਤੀ ਗਈ। ਵਧੇਰੇ ਅਧਿਕਾਰੀਆਂ ਦਾ ਕਹਿਣਾ ਸੀ ਕਿ ਪਿਛਲੇ 3 ਮਹੀਨੇ ਤਾਂ ਚੋਣ ਡਿਊਟੀ ਲੱਗੀ ਰਹੀ, ਜਿਸ ਕਾਰਨ ਵਸੂਲੀ ਪ੍ਰਭਾਵਿਤ ਹੋਈ। ਵੇਖਿਆ ਜਾਵੇ ਤਾਂ ਪਿਛਲੇ ਕਈ ਸਾਲਾਂ ਦੌਰਾਨ ਨਗਰ ਨਿਗਮ ਦੀ ਆਮਦਨ ਵਧਾਉਣ ਵੱਲ ਖਾਸ ਧਿਆਨ ਨਹੀਂ ਦਿੱਤਾ ਗਿਆ। ਪਿਛਲੇ ਕਈ ਸਾਲਾਂ ਤੋਂ ਨਗਰ ਨਿਗਮ ਦਾ ਬਜਟ 400 ਕਰੋੜ ਰੁਪਏ ਦੇ ਨੇੜੇ-ਤੇੜੇ ਹੀ ਚੱਲ ਰਿਹਾ ਹੈ। ਪਿਛਲੇ ਲੰਮੇ ਸਮੇਂ ਤੋਂ ਨਗਰ ਨਿਗਮ ਦੀ ਆਮਦਨ ਵਧਾਉਣ ਲਈ ਕੋਈ ਖਾਸ ਮੁਹਿੰਮ ਵੀ ਨਹੀਂ ਚਲਾਈ ਗਈ, ਜਦੋਂ ਕਿ ਨਿਗਮ ਦੇ ਖਰਚਿਆਂ ਵਿਚ ਲਗਾਤਾਰ ਵਾਧਾ ਹੁੰਦਾ ਜਾ ਰਿਹਾ ਹੈ। ਸੈਨੀਟੇਸ਼ਨ ਵਿਭਾਗ ਦਾ ਖਰਚ ਹੀ ਕਈ ਗੁਣਾ ਵਧ ਚੁੱਕਾ ਹੈ ਅਤੇ ਕਰਮਚਾਰੀਆਂ ਦੀ ਤਨਖਾਹ ਵਿਚ ਵੀ




ਵਾਧਾ ਵੇਖਿਆ ਜਾ ਰਿਹਾ ਹੈ। ਨਗਰ ਨਿਗਮ ਦੀ ਹੱਦ 'ਚ 3-4 ਸਾਲ ਪਹਿਲਾਂ ਜਿਹੜੇ 12 ਨਵੇਂ ਪਿੰਡ ਜੋੜੇ ਗਏ ਸਨ, ਉਨ੍ਹਾਂ ਤੋਂ ਵੀ ਨਗਰ ਨਿਗਮ ਪੂਰੀ ਤਰ੍ਹਾਂ ਨਾਲ ਟੈਕਸ ਇਕੱਠਾ ਨਹੀਂ ਕਰ ਰਿਹਾ। ਅਜੇ ਵੀ ਨਗਰ ਨਿਗਮ ਆਪਣੇ ਡਿਫਾਲਟਰਾਂ 'ਤੇ ਸਖਤ ਕਾਰਵਾਈ ਕਰਨ ਤੋਂ ਕਤਰਾਅ ਰਿਹਾ ਹੈ। ਇਸ ਦਾ ਕਾਰਨ ਵਾਰ-ਵਾਰ ਚੋਣਾਂ ਆਉਣਾ ਵੀ ਦੱਸਿਆ ਜਾਂਦਾ ਹੈ। ਪਿਛਲੇ ਕੁਝ ਸਮੇਂ ਤੋਂ ਜਲੰਧਰ ਨਿਗਮ ਦੇ 7 ਕਮਿਸ਼ਨਰ ਬਦਲੇ ਜਾ ਚੁੱਕੇ ਹਨ। ਇਸ ਕਾਰਨ ਵੀ ਟੈਕਸ ਦੀ ਕੁਲੈਕਸ਼ਨ ਵਿਚ ਸਖਤੀ ਦੀ ਕੋਈ ਮੁਹਿੰਮ ਲੰਮੇ ਸਮੇਂ ਤਕ ਨਹੀਂ ਚੱਲ ਸਕੀ। 'ਆਪ'ਸਰਕਾਰ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਨਿਗਮ ਵਿਚ ਭ੍ਰਿਸ਼ਟਾਚਾਰ ਘਟਣ ਦਾ ਨਾਂ ਨਹੀਂ ਲੈ ਰਿਹਾ। ਨਾਜਾਇਜ ਕਾਲੋਨੀਆਂ ਅਤੇ ਬਿਲਡਿੰਗ ਬਣਵਾ ਕੇ ਨਗਰ ਨਿਗਮ ਦੇ ਕਈ ਅਧਿਕਾਰੀ ਕਰੋੜਪਤੀ ਅਰਬਪਤੀ ਤਕ ਹੋ ਚੁੱਕੇ ਹਨ। ਪਿਛਲੀ ਕਾਂਗਰਸ ਸਰਕਾਰ ਵੱਲੋਂ ਲਏ ਗਏ ਫੈਸਲੇ ਨਾਲ ਜਲੰਧਰ ਨਿਗਮ ਨੂੰ ਪਾਣੀ ਦੇ ਬਿੱਲਾਂ ਤੋਂ ਕਮਾਈ ਅੱਧੀ ਤੋਂ ਵੀ ਘੱਟ ਰਹਿ ਗਈ ਹੈ ਅਤੇ ਸ਼ਹਿਰੀ ਲੋਕ ਪਾਣੀ ਦਾ ਬਿੱਲ ਭਰਨ ਤੋਂ ਵੀ ਹੁਣ ਆਨਾਕਾਨੀ ਕਰਨ ਲੱਗੇ ਹਨ। ਇਕ ਸਮਾਂ ਸੀ ਜਦੋਂ ਨਗਰ ਨਿਗਮ ਨੂੰ ਪਾਣੀ ਸੀਵਰੇਜ ਦੇ ਬਿੱਲਾਂ ਤੋਂ 27-28 ਕਰੋੜ ਰੁਪਏ ਦੀ ਵਸੂਲੀ ਹੋਣ ਲੱਗ ਗਈ ਸੀ। ਉਸਦੇ ਬਾਅਦ ਜਨਸੰਖਿਆ ਵੀ ਵਧੀ ਅਤੇ ਨਿਗਮ ਦੇ ਖੇਤਰਫਲ ਵਿਚ ਵੀ ਵਾਧਾ ਹੋਇਆ। ਇਸਦੇ ਬਾਵਜੂਦ ਪਾਣੀ ਦੇ ਬਿੱਲਾਂ ਵਿਚ ਕਮਾਈ ਲਗਾਤਾਰ ਘਟਦੀ ਗਈ। ਦਾਰਾਸ਼ਾਹ ਐਂਡ ਕੰਪਨੀ ਨੇ ਲੱਖਾਂ ਰੁਪਏ ਲੈ ਕੇ 2018 ਵਿਚ ਸ਼ਹਿਰ ਦਾ ਜੀ. ਆਈ. ਐੱਸ. ਸਰਵੇ ਪੂਰਾ ਕਰ ਲਿਆ ਸੀ, ਜਿਸ ਨੂੰ ਟੈਕਸੇਸ਼ਨ ਰਿਕਾਰਡ ਨਾਲ ਸਿਰਫ ਜੋੜਿਆ ਜਾਣਾ ਸੀ। ਅਜਿਹਾ ਕਰਨ ਨਾਲ ਨਗਰ ਨਿਗਮ ਦੀ ਆਮਦਨ ਲਗਭਗ 100 ਕਰੋੜ ਰੁਪਏ ਸਾਲ ਵਿਚ ਵਧ ਸਕਦੀ ਸੀ ਪਰ ਲਾਪ੍ਰਵਾਹ ਅਤੇ ਨਾਲਾਇਕ ਅਧਿਕਾਰੀਆਂ ਨੇ ਅਜਿਹਾ ਨਹੀਂ ਕੀਤਾ। ਇਸ ਕਾਰਨ ਨਿਗਮ ਨੂੰ 6-7 ਸਾਲ ਦੇ ਲੱਗਭਗ 500 ਕਰੋੜ ਰੁਪਏ ਤੋਂ ਵੱਧ ਦਾ ਚੂਨਾ ਲੱਗਾ ਹੈ। ਹੁਣ ਵੀ ਜੇਕਰ ਸਾਰੇ ਯੂ. ਆਈ. ਡੀ. ਨੰਬਰਾਂ ਨੂੰ ਟੈਕਸ ਰਿਕਾਰਡ ਨਾਲ ਜੋੜ ਲਿਆ ਜਾਵੇ ਤਾਂ ਆਉਣ ਵਾਲੇ ਸਮੇਂ ਵਿਚ ਸਰਕਾਰੀ ਖਜਾਨੇ ਨੂੰ ਕਾਫੀ ਫਾਇਦਾ ਹੋਵੇਗਾ। ਪੰਜਾਬ ਸਰਕਾਰ ਨੇ ਨਾਜਾਇਜ ਕਾਲੋਨੀਆਂ ਨੂੰ ਰੈਗੂਲਰ ਕਰਨ ਲਈ ਕੁਝ ਸਾਲ ਪਹਿਲਾਂ ਪਾਲਿਸੀ ਜਾਰੀ ਕੀਤੀ ਸੀ, ਜਿਸ ਵਿਚ ਇਕ ਵਿਵਸਥਾ ਇਹ ਵੀ ਸੀ ਕਿ ਕੋਈ ਵੀ ਕਾਲੋਨਾਈਜਰ ਆਪਣੀ ਨਾਜਾਇਜ ਕਾਲੋਨੀ ਨੂੰ ਰੈਗੂਲਰ ਕਰਵਾਉਣ ਲਈ ਅਰਜੀ ਦੇਣ ਲਈ 10 ਫੀਸਦੀ ਰਕਮ ਫਾਈਲ ਨਾਲ ਜਮ੍ਹਾ ਕਰਵਾ ਸਕਦਾ ਹੈ। ਸ਼ਹਿਰ ਦੇ ਕਈ ਕਾਲੋਨਾਈਜਰਾਂ ਨੇ ਆਪਣੀਆਂ ਕਾਲੋਨੀਆਂ ਨੂੰ ਰੈਗੂਲਰ ਕਰਵਾਉਣ ਦੀ ਨੀਅਤ ਨਾਲ ਨਿਗਮ ਕੋਲ ਅਰਜੀਆਂ ਜਮ੍ਹਾ ਕਰਵਾ ਦਿੱਤੀਆਂ ਅਤੇ ਕੁੱਲ ਰਕਮ ਦਾ 10 ਫੀਸਦੀ ਹੀ ਨਿਗਮ ਨੂੰ ਸੌਂਪਿਆ। ਇਨ੍ਹਾਂ ਅਰਜੀਆਂ ਨੂੰ ਦਿੱਤਿਆਂ ਹੋਇਆਂ ਵੀ ਕਈ ਸਾਲ ਬੀਤ ਗਏ ਪਰ ਬਾਕੀ ਬਚਦੀ 90 ਫੀਸਦੀ ਰਕਮ ਇਨ੍ਹਾਂ ਕਾਲੋਨਾਈਜਰਾਂ ਨੇ ਦਬਾਈ ਰੱਖੀ, ਜੋ ਕਰੋੜਾਂ ਵਿਚ ਹੈ। ਨਿਗਮ ਨੇ ਵੀ ਇਨ੍ਹਾਂ ਤੋਂ ਕਦੀ ਬਾਕੀ ਬਚੀ ਰਕਮ ਬਾਰੇ ਮੰਗ ਨਹੀਂ ਕੀਤੀ। ਵਧੇਰੇ ਕਾਲੋਨਾਈਜਰ ਅੱਜ ਵੀ ਇਸ ਮਾਮਲੇ ਵਿਚ ਡਿਫਾਲਟਰ ਹਨ ਪਰ ਲਾਪ੍ਰਵਾਹ ਅਧਿਕਾਰੀਆਂ ਨੂੰ ਵੀ ਜਵਾਬਦੇਹ ਨਹੀਂ ਬਣਾਇਆ ਜਾ ਰਿਹਾ।